ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

34

July - September 2019

SAINI BHAWAN RUPNAGAR
PUNJAB
ਸਰਬਤ ਦਾ ਭਲਾ

# ਸੈਣੀ ਸੰਸਾਰ
# Saini Sansar

ਅੰਦਰ ਪੜ੍ਹੋ


- ਸੈਣੀ ਸਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਸੈਣੀ ਕੌਮ ਦਾ ਇਤਿਹਾਸ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ
- ਖੇਤੀ ਦੀ ਨਵੀਂ ਖੋਜ, ਜ਼ਹਿਰਯੁਕਤ ਤੋਂ ਜ਼ਹਿਰਮੁਕਤ
- ਮੈਟਰੀਮੋਨੀਅਲਜ਼




PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - IX, Issue - III

# Saini Sansar

(Quarterly)

July - September 2019

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singh Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3H1

| Subscription / Assistance Money | India | Abroad | ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|---|---|---|
| One Copy | ₹ 30 | 2 £, 4 S, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 S, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 S, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 07.07.2019**

# ਸੈਣੀ ਸੰਸਾਰ

ਜਿਲਦ 9, ਅੰਕ 3 (ਤਿਮਾਹੀ) ਜੁਲਾਈ - ਸਤੰਬਰ 2019

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)

ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)

ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ

ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ

# ਬੀ-12/5057, ਗੁਰੂ ਨਗਰ,

ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)


ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਕੁਦਰਤ ਦੀ ਸੁੰਦਰਤਾ ਨੂੰ ਮਾਣਦੇ ਪੰਛੀ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਬਰਾਦਰੀ ਦੇ ਹੀਰੇ | 4 |
| ਸਾਡੇ ਜਾਗਰੂਕ ਬਜ਼ੁਰਗ | 5 |
| ਕਵਿਤਾਵਾਂ | 6 |
| ਤਿਮਾਹੀ ਦੌਰਾਨ ਸੈਣੀ ਭਵਨ ਦੀਆਂ ਸਰਗਰਮੀਆਂ | 7-8 |
| Gem of Bradri - Dr. Janmeja Singh | 9 |
| ਕਹਾਣੀ - ਹਨੇਰੀ ਰਾਤ ਤੋਂ ਨਵੀਂ ਸਵੇਰ | 10-11 |
| ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ | 12-13 |
| Hints for successful life | 14-15 |
| ਸੈਣੀ ਵੰਸ਼ ਦਾ ਜਨਮ ਤੇ ਵਿਕਾਸ | 16 |
| ਕਵਿਤਾਵਾਂ | 17 |
| ਕਹਾਣੀ - ਸ਼ਰਧਾ ਦੀ ਕੀਮਤ | 18 |
| New Life Members | 19 |
| America, The Beautiful | 20-21 |
| ਕਹਾਣੀ- ਘੋੜੇ ਦਾ ਆਂਡਾ | 22 |
| ਲੋਰੀਆਂ | 23 |
| ਇੱਕ ਸੰਘਰਸ਼ਮਈ ਔਰਤ ਦੀ ਸੱਚੀ ਗਾਥਾ | 24 |
| ਜੀਵਨ ਦਾ ਥੰਮ੍ਹ ਦਾ ਔਰਤ | 25-26 |
| ਕਹਾਣੀ - ਹੱਕ | 27 |
| ਖਲੀਲ ਜਿਬਰਾਨ | 28 |
| ਇਸ ਤੋਂ ਅੱਗੇ ਕੀ | 29-30 |
| ਦਾਸਤਾਨ-ਇ-ਦਸਤਾਰ | 31 |
| ਮੇਰੀ ਲਾਹੇਵੰਦ ਯਾਤਰਾ | 32 |
| ਜ਼ਹਿਰਯੁਕਤ ਤੋਂ ਜ਼ਹਿਰਮੁਕਤ | 33-34 |
| It's not just about Dollars | 35 |
| Matrimonials | 36-40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਵੋਟਰ ਦਾ ਮਨੋਵਿਗਿਆਨ

ਅਜਮੇਰ ਸਿੰਘ (ਡਾ.)
ਰੂਪਨਗਰ

ਹਾਲੀਆ ਲੋਕ ਸਭਾ ਚੋਣਾ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਰਾਜਨੀਤੀਸ਼ਾਸਤ੍ਰੀਆਂ ਲਈ ਗੰਭੀਰ ਚਰਚਾ ਦਾ ਵਿਸ਼ਾ ਹੈ। ਇਸ ਸਬੰਧੀ ਅਨੇਕ ਪ੍ਰਕਾਰ ਦੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ। ਵਿਰੋਧੀ ਪਾਰਟੀਆਂ ਦੇ ਨੇਤਾ ਆਮ ਦੀ ਤਰ੍ਹਾਂ ਆਪਣੀਆਂ ਗਲਤੀਆਂ ਤੇ ਉਣਤਾਈਆਂ ਨੂੰ ਅਣਗੌਲਿਆਂ ਕਰਕੇ ਜੇਤੂ ਪਾਰਟੀ 'ਤੇ ਚੋਣ ਨਿਯਮਾਂ ਦਾ ਉਲੰਘਣ ਕਰਨ, ਲੋਕਾਂ ਨੂੰ ਗੁੰਮਰਾਹ ਕਰਨ ਅਤੇ ਧੱਕੇਸ਼ਾਹੀ ਕਰਨ ਦੇ ਦੋਸ਼ ਲਾਉਂਦੇ ਹਨ। ਬਹੁਤੇ ਵਿਚਾਰਵਾਨ ਇਸ ਨੂੰ ਜੇਤੂ ਪਾਰਟੀ ਦੀਆਂ ਅੰਧਰਾਸ਼ਟਰਵਾਦੀ ਤੇ ਸੰਪ੍ਰਦਾਇਕ ਧਰੁਵੀਕਰਨ ਦੀਆਂ ਗੁੰਮਰਾਹਕੁਨ ਨੀਤੀਆਂ ਦਾ ਨਤੀਜਾ ਦੱਸਦੇ ਹਨ। ਕੁੱਝ ਇਸ ਸਫਲਤਾ ਦਾ ਕਾਰਨ ਇਲੈਕਟ੍ਰਿਕ ਮੀਡੀਆ ਦੇ ਜੇਤੂ ਪਾਰਟੀ ਪ੍ਰਤਿ ਪੱਖਪਾਦੀ ਪ੍ਰਚਾਰ ਨੂੰ ਮੰਨਦੇ ਹਨ ਅਤੇ ਕੁੱਝ ਇਸ ਦਾ ਦੋਸ਼ ਨੁਕਸਦਾਰ ਵੋਟਿੰਗ ਮਸ਼ੀਨਰੀ ਨੂੰ ਦਿੰਦੇ ਹਨ। ਇਹ ਸਭ ਸਵੈਬਚਾਊ ਜਾਂ ਬਹਾਨੇਬਾਜੀ ਵਾਲੇ ਕਾਰਕ ਹਨ ਜੋ ਕੇਵਲ ਕੁੱਝ ਹੱਦ ਤੱਕ ਤਾਂ ਜ਼ਿੰਮੇਵਾਰ ਹੋ ਸਕਦੇ ਹਨ। ਇਹ ਪ੍ਰਮੁੱਖ ਨਹੀਂ ਹੋ ਸਕਦੇ।

ਕੁੱਝ ਘਾਟਾ ਅਤੇ ਸੀਮਾਵਾਂ ਦੇ ਬਾਵਜੂਦ ਚੋਣਾਂ ਦਾ ਲੋਕਤੰਤਰੀ ਢੰਗ ਹੀ ਸਭ ਤੋਂ ਵੱਧ ਪਾਰਦਰਸ਼ੀ ਅਤੇ ਨਿਆਇਕ ਹੈ, ਜਿਸ ਵਿੱਚ ਅਮੀਰ-ਗਰੀਬ, ਇਸਤ੍ਰੀ-ਪੁਰਸ਼, ਪੜ੍ਹਿਆ-ਅਨਪੜ੍ਹਿਆ, ਹਰ ਵਰਗ ਦਾ ਨਾਗਰਿਕ ਭਾਗ ਲੈਂਦਾ ਹੈ। ਇਸ ਵਿੱਚ ਲੋਕ-ਰਾਇ ਹੀ ਉੱਚਤਮ ਹੁੰਦੀ ਹੈ। ਇਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਏਨੀ ਵੱਡੀ ਤੇ ਨਿਰਣਾਇਕ ਜਿੱਤ, ਜੇਤੂ ਪਾਰਟੀ ਦੇ ਕਿਸੇ ਕ੍ਰਿਸ਼ਮਈ ਗੁਣ ਤੋਂ ਬਿਨਾਂ ਸੰਭਵ ਨਹੀਂ। ਇਸ ਦੇ ਬਾਵਜੂਦ ਕਿ ਮੁੱਖ ਵਿਰੋਧੀ ਪਾਰਟੀ ਨੇ ਵੀ ਜੇਤੂ ਪਾਰਟੀ ਵਾਲੀਆਂ ਧਰਮ ਆਧਾਰਤ ਲੋਕਪਾੜੂ ਨੀਤੀਆਂ ਅਤੇ ਲੋਕਲੁਭਾਊ ਲਾਰਿਆਂ ਦਾ ਪ੍ਰਚਾਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਲੋਕਾਂ ਨੇ ਬਿਲਕੁਲ ਸਪਸ਼ਟ ਅਤੇ ਨਿਰਣਾਇਕ ਫੈਸਲਾ ਦਿੱਤਾ ਹੈ। ਇਸ ਲਈ ਇਨ੍ਹਾਂ ਚੋਣਾਂ ਦੇ ਨਤੀਜਿਆਂ ਦੇ ਨਿਰਪੱਖ ਵਿਸ਼ਲੇਸ਼ਣ ਲਈ ਵੋਟਰਾਂ ਦੀ ਮਾਨਸਿਕਤਾ ਨੂੰ ਸਮਝਣਾ ਅਤਿ ਜ਼ਰੂਰੀ ਹੈ।

ਇਸ ਸਬੰਧੀ ਲੰਡਨ ਬਿਜ਼ਨਸ ਸਕੂਲ ਵਿੱਚ ਰਾਜਨੀਤਿਕ ਵਿਸ਼ੇ 'ਤੇ ਖੋਜ ਕਰ ਰਹੇ ਹੇਮੰਤ ਕਾਕੜੇ ਅਤੇ ਨੀਰੋ ਸਿਵਾਨਾਥਨ ਨੇ ਸਾਲ 2016 ਵਿੱਚ ਸਰਵੇਖਣ ਕਰ ਕੇ ਜੋ ਨਤੀਜਾ ਕੱਢਿਆ ਸੀ ਉਹ ਸਭ ਤੋਂ ਵੱਧ ਵਿਸ਼ਵਾਸਯੋਗ ਹੈ। ਉਨ੍ਹਾਂ ਨੇ ਦੋ ਪ੍ਰਕਾਰ ਦੇ ਆਗੂਆਂ ਬਾਰੇ ਸਰਵੇਖਣ ਕੀਤਾ- ਇਕ ਡੌਮੀਨੈਂਟ, ਭਾਵ ਰੋਹਬ ਤੇ ਦਬਦਬੇ ਵਾਲੇ; ਦੂਜੇ ਪ੍ਰੈਸਟੀਜ਼, ਭਾਵ ਸੰਜਮੀ, ਨਿਮਰ ਤੇ ਸੰਤੁਲਤ। ਇਸ ਸਰਵੇ ਅਨੁਸਾਰ' ਜਦੋਂ ਕਿਸੇ ਖਿੱਤੇ ਵਿੱਚ ਆਰਥਿਕ ਅਨਿਸ਼ਚਿਤਤਾ ਤੇ ਬੇਰੁਜ਼ਗਾਰੀ ਵਧਦੀਆਂ ਹਨ ਤਾਂ ਉੱਥੋਂ ਦੇ ਲੋਕ ਉਸ ਨੇਤਾ ਨੂੰ ਪਸੰਦ ਕਰਦੇ ਹਨ ਜੋ ਦ੍ਰਿੜ੍ਹ ਤੇ ਪੱਕੇ ਨਿਸ਼ਚੇ ਵਾਲਾ ਦਿਖਾਈ ਦੇਵੇ; ਜਿਹੜਾ ਆਪਣੀਆਂ ਗੱਲਾਂ ਅਧਿਕਾਰਪੂਰਨ ਤੇ ਪ੍ਰਭਾਵਸ਼ਾਲ਼ੀ ਤਰੀਕੇ ਨਾਲ ਕਹਿਣ ਦੀ ਜ਼ੁਅਰਤ ਰਖਦਾ ਹੋਵੇ; ਜਿਸ ਦੀ ਸ਼ਖਸੀਅਤ ਰੋਹਬ ਤੇ ਦਬਦਬੇ ਵਾਲੀ ਤੇ ਦੂਜਿਆਂ 'ਤੇ ਹਾਵੀ ਹੋਣ ਵਾਲੀ ਹੋਵੇ, ਉਸ ਦੇ ਕੰਮ ਕਰਨ ਦੇ ਤੌਰ ਤਰੀਕੇ ਭਾਵੇਂ ਜਿਹੋ ਜਿਹੇ ਮਰਜੀ ਹੋਣ'।

ਮਨੋਵਿਗਿਆਨੀਆਂ ਅਨੁਸਾਰ ਆਰਥਿਕ ਅਨਿਸ਼ਚਤਤਾ ਵਧਣ ਨਾਲ ਲੋਕਾਂ ਦੇ ਚੇਤਨ ਤੇ ਅਵਚੇਤਨ ਮਨ ਵਿੱਚ ਡਰ ਤੇ ਸਹਿਮ ਦੀ ਭਾਵਨਾ ਵਧ ਜਾਂਦੀ ਹੈ। ਬੇਰੁਜ਼ਗਾਰੀ ਕਾਰਨ ਲੋਕ ਆਰਥਿਕ ਤੌਰ 'ਤੇ ਹੀ ਨਹੀਂ, ਮਾਨਸਿਕ ਪੱਖੋਂ ਵੀ ਕਮਜ਼ੋਰ ਹੋ ਜਾਂਦੇ ਹਨ। ਅਜਿਹੇ ਲੋਕ ਕਿਸੇ ਅਜਿਹੇ ਨੇਤਾ ਦਾ ਸਹਾਰਾ ਭਾਲਦੇ ਹਨ ਜੋ ਸ਼ਕਤੀਸ਼ਾਲੀ ਦਿਸਦਾ ਹੋਵੇ; ਜਿਹੜਾ ਆਪਣੀ ਗੱਲ ਪੂਰੀ ਦ੍ਰਿੜ੍ਹਤਾ, ਵਿਸ਼ਵਾਸ ਅਤੇ ਉੱਚੀ ਆਵਾਜ਼ ਵਿੱਚ ਕਹਿਣ ਦੇ ਸਮਰਥ ਹੋਵੇ; ਉਸ ਪਾਸ ਅਜਿਹੇ ਲੋਕ-ਲੁਭਾਊ ਨਾਅਰੇ ਤੇ ਉਹ ਭਾਸ਼ਾ ਹੋਣ ਜੋ ਲੋਕਾਂ ਦੇ ਅਚੇਤ ਵਿਚਲੇ ਡਰ ਤੇ ਅਨਿਸ਼ਚਿਤਤਾ ਨਾਲ ਖੇਡ ਸਕਦੀ ਹੋਵੇ। ਇਸ ਖੇਡ ਵਿੱਚ ਡਰ ਖਤਮ ਨਹੀਂ ਹੁੰਦੇ ਸਗੋਂ ਹੋਰ ਵਧ ਜਾਂਦੇ ਹਨ ਜਾਂ ਵਧਾ ਦਿੱਤੇ ਜਾਂਦੇ ਹਨ। ਇਹ ਆਗੂ ਲੋਕਾਂ ਦੇ ਮਨਾਂ 'ਤੇ ਅਧਿਕਾਰ ਕਰ ਕੇ ਉਨ੍ਹਾਂ ਨੂੰ ਇਹ ਯਕੀਨ ਕਰਵਾ ਦਿੰਦਾ ਹੈ ਕਿ ਕੇਵਲ ਉਹ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਹਲ ਕਰਨ ਦੇ ਕਾਬਲ ਹੈ। ਇਹੋ ਜਿਹੇ ਮਾਹੌਲ ਵਿੱਚ ਸੰਜਮੀ ਤੇ ਸਿਆਣਪਵਾਲੀ ਭਾਸ਼ਾ ਕਾਰਗਰ ਨਹੀਂ ਹੁੰਦੀ। ਕੇਵਲ ਡਰ,ਸਹਿਮ ਤੇ ਅਨਿਸ਼ਚਤਤਾ ਵਧਾਉਣ ਵਾਲੇ ਤੱਤ, ਭੜਕਾਊ ਭਾਸ਼ਾ, ਬਹੁਗਿਣਤੀ ਲੋਕਾਂ ਦੀ ਹਉਮੈ ਨੂੰ ਪੱਠੇ ਪਾਉਣ ਲਈ ਘੜੇ ਨਕਲੀ ਸਿਧਾਂਤ, ਪਾਰਟੀ ਦੇ ਆਗੂ ਦੀ ਆਪਣੇਆਪ ਨੂੰ ਸਭ ਤੋਂ ਵੱਧ ਸਿਆਣਾ ਅਤੇ ਕੁਰਬਾਨੀ ਦੇਣ ਵਾਲਾ ਦੱਸਣ ਦੀ ਯੋਗਤਾ ਹੀ ਕੰਮ ਆਉਂਦੀ ਹੈ।

ਇਨ੍ਹਾਂ ਤੱਥਾਂ ਦੀ ਪੁਸ਼ਟੀ ਲਈ ਇਤਿਹਾਸ ਵਿੱਚ ਅਜਿਹੀਆਂ ਉਦਾਹਰਣਾ ਮੌਜੂਦ ਹਨ ਜਦੋਂ ਲੋਕਾਂ ਦੀ ਸਮੂਹਿਕ ਮਾਨਸਿਕਤਾ ਲੰਬੇ ਸਮੇ ਲਈ ਧੜੱਲੇਦਾਰ ਤੇ ਰੋਹਬਦਾਰ ਆਗੂਆਂ ਦੇ ਪ੍ਰਭਾਵ ਥੱਲੇ ਰਹੀ ਹੈ। ਭਾਰਤ ਵਿੱਚ ਇੰਦਰਾ ਗਾਂਧੀ ਸਖਤ ਫੈਸਲੇ ਲੈਣ ਅਤੇ ਮਨਮਰਜ਼ੀ ਕਰਨ ਵਾਲੀ ਆਗੂ ਵਜੋਂ ਜਾਣੀ ਜਾਂਦੀ ਸੀ। ਉਹ ਕਰੀਬ 15 ਸਾਲ ਦੇਸ਼ ਦੀ ਪ੍ਰਧਾਨਮੰਤਰੀ ਰਹੀ। ਜਿਨ੍ਹਾਂ ਲੋਕਾਂ ਨੇ ਉਸ ਨੂੰ ਦੇਸ਼ ਵਿੱਚ ਐਮਰਜੈਂਸੀ ਲਾਗੂ ਕਰਨ ਲਈ 1977 ਵਿੱਚ ਬੁਰੀ ਤਰ੍ਹਾਂ ਨਕਾਰਿਆ ਸੀ ਉਨ੍ਹਾਂ ਨੇ ਹੀ ਕਿਸੇ ਵਿਰੋਧੀ ਧੜੱਲੇਦਾਰ ਨੇਤਾ ਦੀ ਗੈਰਮੌਜੂਦਗੀ ਵਿੱਚ ਉਸ ਨੂੰ 1980 ਵਿੱਚ ਵੱਡੀ ਜਿੱਤ ਦਿਵਾ ਕੇ ਮੁੜ ਗੱਦੀ 'ਤੇ ਬਿਠਾ ਦਿੱਤਾ। ਇੰਗਲੈਂਡ

ਵਿੱਚ ਮਾਰਗਰੇਟ ਥੈਚਰ ਨੇ ਲਗਭਗ 11 ਸਾਲ ਰਾਜ ਕੀਤਾ। ਉਸ ਨੇ ਆਪਣੇ ਰਾਜਕਾਲ ਦੇ ਪਹਿਲੇ ਸਮੇ ਦੌਰਾਨ ਪ੍ਰਵਾਸੀਆਂ ਵਿਰੁੱਧ ਅਤੇ ਸਮਾਜਿਕ ਭਲਾਈ 'ਤੇ ਕੀਤੇ ਜਾ ਰਹੇ ਖਰਚਿਆਂ 'ਚ ਕਟੌਤੀ ਕਰਨ ਵਰਗੇ ਸਖਤ ਫੈਸਲੇ ਲੈ ਕੇ ਆਪਣੇ ਆਪ ਨੂੰ ਮਜ਼ਬੂਤ ਨੇਤਾ ਸਿੱਧ ਕੀਤਾ। ਸਕੂਲਾਂ ਵਿੱਚ ਬੱਚਿਆਂ ਨੂੰ ਮੁਫਤ ਦੁੱਧ ਬੰਦ ਕਰਨ ਦੇ ਉਸ ਦੇ ਫੈਸਲੇ ਵਿਰੁੱਧ ਜ਼ੋਰਦਾਰ ਮੁਜ਼ਾਹਰੇ ਹੋਏ। ਇਸ ਸਭ ਦੇ ਬਾਵਜੂਦ ਥੈਚਰ ਵਾਰ ਵਾਰ ਚੋਣਾਂ ਜਿੱਤਦੀ ਰਹੀ। ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਵੀ ਲੋਕਾਂ ਨੇ ਡੋਨਲਡ ਟਰੰਪ ਨੂੰ ਉਸ ਦੇ ਲੋਕ-ਲੁਭਾਊ ਅਤੇ ਰਾਸ਼ਟਰਵਾਦੀ ਨਾਅਰਿਆਂ ਤੋਂ ਪ੍ਰਭਾਵਿਤ ਹੋ ਕੇ ਜਿਤਾਇਆ ਸੀ। ਇਸ ਚੋਣ ਦੇ ਲੇਖੇ-ਜੋਖੇ ਤੋਂ ਪਤਾ ਲੱਗਿਆ ਕਿ ਉਨ੍ਹਾਂ ਵਰਗਾਂ ਜਿਨ੍ਹਾਂ ਵਿੱਚ ਬੇਰੁਜ਼ਗਾਰੀ ਤੇ ਭਵਿੱਖ ਬਾਰੇ ਜ਼ਿਆਦਾ ਫਿਕਰ ਤੇ ਅਨਿਸ਼ਚਿਤਤਾ ਸੀ, ਦੀ ਵੱਡੇ ਤੌਰ 'ਤੇ ਪਸੰਦ ਟਰੰਪ ਸੀ।

ਇਸ ਤਰ੍ਹਾਂ ਜਦ ਕਿਸੇ ਦੇਸ਼ ਵਿੱਚ ਬੇਰੁਜ਼ਗਾਰੀ ਵਧਦੀ ਹੈ ਤਾਂ ਬੇਰੁਜ਼ਗਾਰਾਂ ਦੀ ਪਸੰਦ ਉਹ ਰੋਹਬ ਤੇ ਦਬਦਬੇ ਵਾਲਾ ਨੇਤਾ ਹੁੰਦਾ ਹੈ ਜਿਸ ਦੀ ਸ਼ਖਸੀਅਤ ਵਿੱਚੋਂ ਦ੍ਰਿੜ੍ਹਤਾ, ਮਜ਼ਬੂਤੀ ਤੇ ਪਕਿਆਈ ਦੀ ਝਲਕ ਪੈਂਦੀ ਹੋਵੇ, ਜੋ ਇਹ ਕਹਿ ਸਕੇ ਕਿ ਉਹ ਸਖਤ ਫੈਸਲੇ ਲਵੇਗਾ। ਭਾਵ ਇਹ ਕਿ ਜਦੋਂ ਲੋਕਾਂ ਵਿੱਚ ਅਸੁਰੱਖਿਅਤਾ ਦੀ ਭਾਵਨਾ ਭਾਰੂ ਹੋਵੇ ਤਾਂ ਉਹ ਉਸ ਨੇਤਾ ਨੂੰ ਪਸੰਦ ਕਰਦੇ ਹਨ ਜਿਸ ਨੂੰ ਉਹ ਸ਼ਕਤੀਸ਼ਾਲੀ ਅਤੇ ਦ੍ਰਿੜ੍ਹਤਾ ਨਾਲ ਫੈਸਲੇ ਲੈਣ ਵਾਲਾ ਮੰਨਦੇ ਹਨ।

ਵਰਤਮਾਨ ਭਾਰਤੀ ਲੋਕ ਸਭਾ ਚੋਣਾ ਸਮੇ ਵੀ ਲੋਕਾਂ ਦੀ ਵੋਟ ਪਾਉਣ ਦੀ ਮਾਨਸਿਕਤਾ ਪਿੱਛੇ ਇਹੋ ਹੀ ਪ੍ਰੇਰਨਾ ਪ੍ਰਮੁੱਖ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਬਦਬੇ ਵਾਲੀ ਸ਼ਖਸੀਅਤ, ਦੇਸ਼ ਵਿੱਚ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਤੇ ਆਰਥਿਕ ਅਨਿਸ਼ਚਿਤਤਾ ਅਤੇ ਸੀ.ਆਰ.ਪੀ ਐਫ.ਦੇ ਜਵਾਨਾਂ ਦੀ ਸ਼ਹੀਦੀ ਤੇ ਬਾਲਾਕੋਟ ਦੁਆਲੇ ਬੁਣੇ ਰਾਸ਼ਟਰਵਾਦੀ ਜਜ਼ਬੇ ਨੇ ਲੋਕਾਂ ਨੂੰ ਜੇਤੂ ਪਾਰਟੀ ਦੇ ਹੱਕ ਵਿੱਚ ਭੁਗਤਣ ਲਈ ਪ੍ਰੇਰਿਤ ਕੀਤਾ। ਇਸ ਦੇ ਉਲਟ ਵਿਰੋਧੀਆਂ ਪਾਸ ਕਿਸੇ ਧੜੱਲੇਦਾਰ ਨੇਤਾ ਦਾ ਨਾ ਹੋਣਾ ਉਨ੍ਹਾਂ ਦੀ ਹਾਰ ਦਾ ਮੁੱਖ ਕਾਰਨ ਬਣਿਆਂ।

❊ ❊ ❊



ਗੁਰਕਰਨ ਸਿੰਘ ਪੁੱਤਰ ਸ. ਗੁਰਚਰਨ ਸਿੰਘ ਵਾਸੀ ਕੱਟਲੀ, ਜ਼ਿਲ੍ਹਾ ਰੂਪਨਗਰ ਜੋ ਕਿ ਐਨ.ਡੀ.ਏ. ਰਾਹੀਂ ਭਾਰਤੀ ਫੌਜ ਵਿੱਚ ਲੈਫਟੀਨੈਂਟ ਚੁਣਿਆ ਗਿਆ ਹੈ। ਸੈਣੀ ਭਵਨ ਵਲੋਂ ਉਸਦੇ ਪਰਿਵਾਰ ਨੂੰ ਬਹੁਤ-ਬਹੁਤ ਵਧਾਈ ਹੋਵੇ।

## ਸੈਣੀ ਬਰਾਦਰੀ ਦੇ ਹੀਰੇ



• ਰੂਪਨਗਰ ਸ਼ਹਿਰ ਦੇ ਨਜ਼ਦੀਕੀ ਪਿੰਡ ਗੰਧੋਂ ਦੇ ਵਸਨੀਕ ਅਤੇ ਭਾਰਤੀ ਜੀਵਨ ਬੀਮਾ ਨਿਗਮ ਵਿੱਚ ਵਿਕਾਸ ਅਧਿਕਾਰੀ ਵਜੋਂ ਸੇਵਾ ਨਿਭਾ ਰਹੇ ਸ. ਇੰਦਰਜੀਤ ਸਿੰਘ ਦੇ ਹੋਣਹਾਰ ਸਪੁੱਤਰ **ਦਮਨਦੀਪ ਸਿਘ** ਨੇ ਭਾਰਤੀ ਫੌਜ ਵਿਚ ਕਮਿਸ਼ਨ ਪ੍ਰਾਪਤ ਕਰ ਕੇ ਆਪਣੇ ਪਰਿਵਾਰ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਦਮਨਦੀਪ ਸਿੰਘ ਨੇ ਬੀ.ਟੈਕ.( ਕੰਪਿਊਟਰ ਸਾਇੰਸ) ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹਾਸਲ ਕਰਨ ਉਪਰੰਤ ਇਨਫੋਸਿਸ ਕੰਪਨੀ ਵਿੱਚ ਬਤੌਰ ਇੰਜਨੀਅਰ ਨੌਕਰੀ ਕੀਤੀ ਹੈ। ਉਹ ਦੇਹਰਾਦੂਨ ਮਿਲਟਰੀ ਅਕੈਡਮੀ ਤੋਂ ਪਾਸਿੰਗ ਆਊਟ ਹੋ ਕੇ ਲ਼ੈਫਟੀਨੈਂਟ ਬਣ ਗਿਆ ਹੈ।



• ਯੂ.ਏ.ਈ. ਦੇਸ਼ ਵਿੱਚ ਕਾਰਜਸ਼ੀਲ ਇੱਕ ਸਮਾਜਸੇਵੀ ਸੰਸਥਾ,'ਪੀਸੀਟੀ ਹਿਊਮੈਨੇਟੀਜ਼' ਨੂੰ ਰਮਜ਼ਾਨ ਦੇ ਪਵਿੱਤਰ ਮਹੀਨੇ ਲੋੜਵੰਦਾਂ ਨੂੰ ਸ਼ਾਕਾਹਾਰੀ ਭੋਜਨ ਮੁਹੱਈਆ ਕਰਾਉਣ ਬਦਲੇ **ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼** ਵਿੱਚ ਦਰਜ ਕੀਤਾ ਗਿਆ ਹੈ। ਇਸ ਸੰਸਥਾ ਨੇ ਇਫਤਾਰ ਭੋਜ ਵਿੱਚ ਸੱਤ ਤਰ੍ਹਾਂ ਦੇ ਪਕਵਾਨਾਂ ਨੂੰ ਇੱਕ ਕਿਲੋਮੀਟਰ ਤੱਕ ਪਰੋਸ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਇਹ ਸ਼ਲਾਘਾਯੋਗ ਕਾਰਜ ਗੁਰਦਾਸਪੁਰ ਦੇ ਪਿਛੋਕੜ ਵਾਲੇ **ਜੋਗਿੰਦਰ ਸਿੰਘ ਸਲਾਰੀਆ**( ਸੈਣੀ) ਦੀ ਅਗਵਾਈ ਵਿੱਚ ਸੰਪਨ ਹੋਇਆ ਹੈ।



• ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਇੱਕ ਪਿੰਡ ਦੇ ਸੈਣੀ ਪਰਿਵਾਰ ਨਾਲ ਸਬੰਧਿਤ **ਸਤਿੰਦਰ ਸਰਤਾਜ** ਨੇ ਅਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿਖੇ ਓਪੇਰਾ ਹਾਊਸ ਵਿੱਚ ਅਯੋਜਿਤ ਸੰਗੀਤ ਪ੍ਰੋਗਰਾਮ ਸਮੇਂ ਸੂਫੀਆਨ ਕਲਾਮ ਪੇਸ਼ ਕਰ ਕੇ ਵਿਸ਼ਵ ਭਰ ਵਿੱਚ ਸਾਫ ਸੁਥਰੇ ਗਾਇਕ ਵਜੋਂ ਨਾਮਣਾ ਖੱਟਿਆ ਹੈ। ਓਪੇਰਾ ਹਾਊਸ ਵਿੱਚ ਪੰਜਾਬੀਆਂ ਦਾ ਇਹ ਪਹਿਲਾ ਪ੍ਰੋਗਰਾਮ ਸੀ ਜਿਸ ਦਾ ਚਿਰੋਕਣਾ ਸੁਫਨਾ ਸਾਕਾਰ ਹੋਇਆ ਹੈ। ਹਜ਼ਾਰਾਂ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵਿੱਚ ਸਰਤਾਜ ਨੇ ਆਪਣੇ ਵਿਲੱਖਣ ਅੰਦਾਜ਼ ਨਾਲ ਸਰੋਤਿਆਂ ਨੂੰ ਰੂਹਾਨੀ ਨਸ਼ੇ ਵਿੱਚ ਝੂਮਣ ਲਾ ਦਿੱਤਾ। ਇਸ ਨਾਲ ਪੰਜਾਬੀ ਜ਼ੁਬਾਨ ਨੂੰ ਹੁਲਾਰਾ ਮਿਲਿਆ ਅਤੇ ਪੰਜਾਬੀਆਂ ਤੇ ਸੈਣੀ ਕੌਮ ਦਾ ਸਿਰ ਮਾਣ ਨਾਲ ਉੱਚਾ ਹੋਇਆ।

ਸੈਣੀ ਇਤਿਹਾਸ

# ਸਾਡੇ ਜਾਗਰੂਕ ਬਜ਼ੁਰਗ

ਰਾਜਿੰਦਰ ਸਿੰਘ
ਸੈਣੀ ਭਵਨ ਰੂਪਨਗਰ



ਸੈਣੀ ਬਰਾਦਰੀ ਦੇ ਇਤਿਹਾਸ ਦੇ ਵਰਕਿਆਂ ਤੋਂ ਧੂੜ ਝਾੜਦਿਆਂ ਕਈ ਰੌਚਕ ਤੱਥ ਸਾਹਮਣੇ ਆਉਂਦੇ ਹਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਾਡੇ ਬਜ਼ੁਰਗ ਆਪਣੀ ਬਰਾਦਰੀ ਦੀ ਏਕਤਾ ਤੇ ਬਿਹਤਰੀ ਪ੍ਰਤਿ ਹੁਣ ਨਾਲੋਂ ਵੱਧ ਸਜੱਗ ਅਤੇ ਚੇਤੰਨ ਸਨ। ਆਜ਼ਾਦੀ ਤੋਂ ਪਹਿਲਾਂ ਸੈਣੀ ਬਰਾਦਰੀ ਦੀਆਂ ਦੋ ਪੱਤ੍ਰਕਾਵਾਂ- ' **ਸੈਣੀ ਸੇਵਕ' ਅਤੇ 'ਛੱਤਰੀ ਸੈਣੀ ਪੱਤ੍ਰਕਾ ਲਾਹੌਰ,** ਉਰਦੂ ਭਾਸ਼ਾ ਵਿੱਚ ਪ੍ਰਕਾਸ਼ਿਤ ਹੁੰਦੀਆਂ ਸਨ। ਇਨ੍ਹਾਂ ਵਿੱਚ ਸੈਣੀ ਬਰਾਦਰੀ ਦੀਆਂ ਭਿੰਨ ਭਿੰਨ ਸਭਾਵਾਂ ਦੀਆਂ ਸਰਗਰਮੀਆਂ ਦੀਆਂ ਰਿਪੋਰਟਾਂ ਤੋਂ ਇਲਾਵਾ ਰੌਚਿਕ ਸਾਹਿਤਿਕ ਰਚਨਾਵਾਂ ਵੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ।

ਇਨ੍ਹਾਂ ਪੱਤ੍ਰਿਕਾਵਾਂ ਵਿੱਚ ਛਪੀਆਂ ਖਬਰਾਂ ਅਨੁਸਾਰ 30 ਦਸੰਬਰ, 1940 ਨੂੰ ਜੈਨ ਹਾਈ ਸਕੂਲ ਅੰਬਾਲਾ ਵਿੱਚ ਉਸ ਸਮੇ ਦੇ ਪੰਜਾਬ ( ਜਿਸ ਵਿੱਚ ਹੁਣ ਵਾਲਾ ਸਾਰਾ ਪੰਜਾਬ, ਪਾਕਿਸਤਾਨ ਦਾ ਪੰਜਾਬ ਸੂਬਾ, ਹਿਮਾਚਲ ਦਾ ਕੁੱਝ ਭਾਗ ਅਤੇ ਹਰਿਆਣਾ ਸ਼ਾਮਿਲ ਸੀ) ਦੇ ਸੈਣੀਆਂ ਦੀ ਇੱਕ ਕਾਨਫਰੰਸ ਹੋਈ ਜਿਸ ਸਮੇ 'ਪੰਜਾਬ ਪ੍ਰੋਵਿੰਸ਼ਲ ਸੈਣੀ ਸਭਾ' ਦਾ ਗਠਨ ਕੀਤਾ ਗਿਆ ਜਿਸ ਦੀ ਪ੍ਰਬੰਧਕੀ ਕਮੇਟੀ ਵਿੱਚ ਭਿੰਨ ਭਿੰਨ ਜ਼ਿਲਿਆਂ ਦੀਆਂ ਸੈਣੀ ਸਭਾਵਾਂ ਦੇ ਨੁਮਾਇੰਦੇ ਸ਼ਾਮਿਲ ਕੀਤੇ ਗਏ।

ਇੱਕ ਹੋਰ ਖਬਰ ਅਨੁਸਾਰ 26 ਨਵੰਬਰ, 1944 ਨੂੰ ਸੈਣੀ ਬਾਰ ਹਾਈ ਸਕੂਲ ਚੱਕ ਨੰਬਰ-7 ਕੰਬੋਵਾਲ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਫੈਸਲਾਬਾਦ, ਪਾਕਿਸਤਾਨ) ਵਿਖੇ ਸੈਣੀ ਕਾਨਫਰੰਸ ਹੋਈ। ਇਸ ਦੀ ਪ੍ਰਧਾਨਗੀ ਡਾ. ਬਾਲ ਕ੍ਰਿਸ਼ਨ ਸੈਣੀ (ਅੱਖਾਂ ਦੇ ਮਾਹਿਰ) ਨੇ ਕੀਤੀ। ਇਸ ਸਮੇ ਲਾਇਲਪੁਰ ਦੀ ਜ਼ਿਲ੍ਹਾ ਸੈਣੀ ਸਭਾ ਦੇ ਜਨਰਲ ਸਕੱਤਰ, ਗਿਆਨੀ ਵਰਿਆਮ ਸਿੰਘ ਨੇ ਇੱਕ ਬੇਖੌਫ ਤਕਰੀਰ ਕੀਤੀ। ਇਸ ਵਿੱਚ ਉਨ੍ਹਾਂ ਨੇ ਦੁੱਖ ਜ਼ਾਹਿਰ ਕੀਤਾ ਕਿ ਹੁਣ ਤੱਕ ਸੈਣੀ ਕੌਮ ਦੇ ਮੋਹਰੀ ਆਪਣੀਆਂ ਔਲਾਦਾਂ ਲਈ ਜਗੀਰਾਂ ਹਾਸਲ ਕਰਨ ਹਿਤ ਇਸ ਨੂੰ ਵੇਚਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ੈਤਾਨ ਸ਼ਹਿਰੀ ਲੋਕ ਭੋਲੇ-ਭਾਲੇ ਪੇਂਡੂਆਂ ਨੂੰ ਤਾਂ ਮੂਰਖ ਹੀ ਬਣਾਉਂਦੇ ਆ ਰਹੇ ਹਨ।

ਆਪਣੀ ਗੱਲ ਵਿੱਚ ਰੌਚਿਕਤਾ ਭਰਨ ਲਈ ਗਿਆਨੀ ਜੀ ਨੇ ਇੱਕ ਕਹਾਣੀ ਸੁਣਾਈ- " ਕੁਝ ਮੁੰਡੇ ਮੇਲਾ ਦੇਖਣ ਗਏ। ਜਿੰਮੀਦਾਰਾਂ ਦੇ ਗਰੀਬ ਮੁੰਡੇ ਪੈਸੇ ਲੈ ਕੇ ਗਏ ਪਰ ਬਾਣੀਆਂ ਦਾ ਮੁੰਡਾ ਖਾਲੀ ਜੇਬ੍ਹ ਹੀ ਗਿਆ। ਗਰੀਬ ਬੱਚਿਆਂ ਵਲੋਂ ਆਪਣੇ ਪੈਸਿਆਂ ਨਾਲ ਖਰੀਦੀਆਂ ਕੁੱਝ ਖਾਣ ਦੀਆਂ ਚੀਜ਼ਾਂ ਨੂੰ ਹੜੱਪ ਕਰਨ ਲਈ ਬਾਣੀਆਂ ਦੇ ਮੁੰਡੇ ਨੇ ' ਕੋਹਲੂ ਦਾ ਬੈਲ' ਖੇਡ ਖੇਡਣੀ ਸ਼ੁਰੂ ਕੀਤੀ। ਉਹ ਆਪ ਬੈਲ ਬਣ ਗਿਆ ਅਤੇ ਬਾਕੀ ਸਾਰੇ ਉਹ ਦੇ ਦੁਆਲੇ ਘੁੰਮਦੇ ਹੋਏ ਉਸ ਦੇ ਖੁਲ੍ਹੇ ਮੂੰਹ ਵਿੱਚ ਖਾਣ ਵਾਲੀਆਂ ਚੀਜ਼ਾਂ ਪਾਈ ਜਾਣ। ਜਲਦੀ ਹੀ ਜਿੰਮੀਦਾਰਾਂ ਦੇ ਮੁੰਡੇ ਉਸ ਦੀ ਸ਼ੈਤਾਨੀ ਨੂੰ ਸਮਝ ਗਏ। ਉਨ੍ਹਾਂ ਨੇ ਉਸ ਦੇ ਮੂੰਹ ਵਿੱਚ ਮਿੱਟੀ ਦੀ ਲੱਪ ਪਾ ਦਿੱਤੀ। ਇਸ ਨਾਲ ਉਹ ਪਿੱਟਿਆ ਤਾਂ ਮੁੰਡੇ ਕਹਿੰਦੇ, ' ਸਰੋਂ ਤੇ ਤੋਰੀਏ ਦਾ ਤੇਲ ਤਾਂ ਕੱਢ ਦਿੱਤਾ, ਤਾਰੇਮੀਰੇ ਦਾ ਤੇਲ ਤੇਰਾ ਬਾਪ ਕੱਢੂ?"

ਇਸ ਕਾਨਫਰੰਸ ਵਿੱਚ ਗਿਆਨੀ ਊਧਮ ਸਿੰਘ ਨੇ ਆਪਣੇ ਵਿਦਵਤਾਭਰਪੂਰ ਭਾਸ਼ਣ ਰਾਹੀਂ ਸੈਣੀ ਕੌਮ ਨੂੰ ਖੁਦਗਰਜ਼ ਲੋਕਾਂ ਦੀਆਂ ਚਾਲਾਂ ਵਿਰੁੱਧ ਸੁਚੇਤ ਕਰਦਿਆਂ ਇੱਕ ਇਤਿਹਾਸਕ ਘਟਨਾ ਬਿਆਨ ਕੀਤੀ ਕਿ ਅੰਗਰੇਜ਼ ਡਾਕਟਰ ਬਾਟਨ ਨੇ ਸ਼ਾਹ ਜਹਾਨ ਦੀ ਲੜਕੀ ਦਾ ਇਲਾਜ ਕਰਨ ਬਦਲੇ ਆਪਣੇ ਨਿਜ ਲਈ ਕੁੱਝ ਲੈਣ ਦੀ ਬਿਜਾਏ ਆਪਣੀ ਕੌਮ ਲਈ ਬਿਨਾਂ ਟੈਕਸ ਤਾਰਿਆਂ ਭਾਰਤ ਵਿੱਚ ਵਪਾਰ ਕਰਨ ਦੀ ਇਜ਼ਾਜ਼ਤ ਲੈ ਲਈ ਸੀ।

ਇਸ ਸਮੇ ਸ. ਗੁਰਬਖਸ਼ ਸਿੰਘ ਜੌਹਰ ਨੇ ਵੀ ਸੈਣੀ ਕੌਮ ਦੀ ਤਰੱਕੀ ਲਈ ਵਿੱਦਿਆ ਦੀ ਲੋੜ ਤੋਂ ਜਾਣੂ ਕਰਵਾਇਆ ਅਤੇ ਇਸ ਦੇ ਪਾਸਾਰ ਲਈ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਸਮੇ ਹੁਸ਼ਿਆਰਪੁਰ ਦੇ ਸ.ਠਾਕੁਰ ਸਿੰਘ ਰਈਸ ਬਿਲਾਸਪੁਰ, ਸ. ਧੀਰਜ ਸਿੰਘ ਮਾਲਕ ਅਜੀਤ ਪ੍ਰੈਸ, ਚੌਧਰੀ ਜਗਤ ਰਾਮ, ਚੌਧਰੀ ਤੀਰਥ ਰਾਮ, ਨਵਾਂਸ਼ਹਿਰ ਦੇ ਵਕੀਲ ਹੰਸ ਰਾਜ, ਲਾਇਲਪੁਰ ਦੇ ਸ. ਸੰਤੋਖ ਸਿੰਘ ਸਫੈਦਪੋਸ਼, ਮਿੰਟਗੁਮਰੀ ਦੇ ਸ. ਮਿਹਰ ਸਿੰਘ, ਲਾਹੌਰ ਤੋਂ ਸ. ਰਾਜਿੰਦਰ ਸਿੰਘ ਤੇ ਸਾਧੂ ਸਿੰਘ ਹਮਦਰਦ, ਗੁਰਦਾਸਪੁਰ ਦੇ ਸ. ਮੱਖਣ ਸਿੰਘ, ਸ਼ੇਖੂਪੁਰਾ ਦੇ ਕਵੀ ਤੀਰਥ ਸਿੰਘ ਸੁਤੰਤਰ ਨਾਮਵਰ ਸੈਣੀ ਸਖਸ਼ੀਅਤਾਂ ਸਨ ਜਿਨ੍ਹਾਂ ਦੇ ਸਮਾਜਸੇਵੀ ਕਾਰਜਾਂ ਬਾਰੇ ਇਨ੍ਹਾਂ ਪੱਤ੍ਰਿਕਾਵਾਂ ਵਿੱਚ ਛਪਦਾ ਰਹਿੰਦਾ ਸੀ।

❊❊❊



• ਅਮਰੀਕਾ ਵਿੱਚ ਕੈਲੇਫੋਰਨੀਆ ਸੂਬੇ ਦੇ ਸ਼ਹਿਰ ਟਰੇਸੀ ਵਿੱਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਉੜਮੜ ਦੇ ਪਿਛੋਕੜ ਵਾਲੇ ਰਾਜਦੀਪ ਸਿੰਘ ਧਨੋਤਾ ਪਾਰਕਸ ਐਂਡ ਕਮਿਊਨਿਟੀ ਸਰਵਿਸਸ ਕਮਿਸ਼ਨ ਦਾ ਕਮਿਸ਼ਨਰ ਬਣਨ ਵਾਲਾ ਪਹਿਲਾ ਸਿੱਖ ਪੰਜਾਬੀ ਹੈ।

ਬਰਾਦਰੀ ਦੇ ਇਸ ਪ੍ਰਤਿਭਾਸ਼ਾਲੀ ਨੌਜਵਾਨ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਲੱਖ-ਲੱਖ ਵਧਾਈ ਹੋਵੇ।

ਮੌਜੂਦਾ ਗੰਧਲੀ ਰਾਜਨੀਤਿਕ ਵਿਚਾਰਧਾਰਾ 'ਤੇ

## ਹੂੰਝਾਂ

ਤੁਮ ਬਿਲਕੁਲ ਹਮ ਜੈਸੇ ਨਿਕਲੇ।
ਅਬ ਤਕ ਕਹਾਂ ਛੁਪੇ ਥੇ ਭਾਈ?
ਵੋ ਮੂਰਖਤਾ ਵੋ ਘਾਮੜਪਨ,
ਜਿਸ ਮੇ ਹਮ ਨੇ ਸਦੀ ਗੰਵਾਈ,
ਆਖਿਰ ਪਹੁੰਚੀ ਦਵਾਰ ਤੁਮਹਾਰੇ।
ਅਰੇ ਬਧਾਈ ਬਹੁਤ ਬਧਾਈ।
ਪ੍ਰੇਤ ਧਰਮ ਕਾ ਨਾਚ ਰਹਾ ਹੈ,
ਕਾਇਮ ਹਿੰਦੂ ਰਾਜ ਕਰੋਗੇ,
ਸਾਰੇ ਉਲਟੇ ਕਾਜ ਕਰੋਗੇ।
ਅਪਨਾ ਚਮਨ ਤਰਾਜ ਕਰੋਗੇ।
ਤੁਮ ਭੀ ਬੈਠੇ ਕਰੋਗੇ ਸੋਚਾ,
ਪੂਰੀ ਹੈ ਵੈਸੀ ਤਯਾਰੀ ।
ਕੌਨ ਹੈ ਹਿੰਦੂ ਕੌਨ ਨਹੀਂ ਹੈ,
ਤੁਮ ਭੀ ਕਰੋਗੇ ਫਤਵੇ ਜਾਰੀ।
ਹੋਗਾ ਕਠਿਨ ਯਹਾ ਭੀ ਜੀਨਾ,
ਦਾਂਤੋਂ ਆ ਜਾਏਗਾ ਪਸੀਨਾ।......

-ਫਹਿਮੀਦਾ ਰਿਆਜ਼

ਇਹ ਪਤਾ ਨਈ ਸੱਚ ਹੈ
ਜਾਂ ਝਉਲਾ ਮੇਰੀ ਨਜ਼ਰ ਦਾ
ਕਿ ਹਵਾ ਵਿੱਚ ਝੰਡੇ ਝੁਲਾਉਂਦਾ
ਬੰਦਿਆਂ ਦਾ ਇਕ ਟੋਲਾ
ਕੱਲ੍ਹ ਮੈਂ ਜੰਗਲ 'ਚ ਆਉਂਦਾ ਦੇਖਿਆ।
ਉਨ੍ਹਾਂ 'ਚੋਂ ਇਕ ਕਹਿਣ ਲੱਗਾ
ਦਰਖਤੋ
ਨੇਕ ਬਖਤੋ
ਇਹ ਅਸਾਡੀ ਅਰਜ਼ ਹੈ
ਕਿ ਏਕਤਾ ਦੇ ਵਾਸਤੇ
ਮੁੱਢ ਕਦੀਮੀ ਸ਼ਾਨਾਂਮੱਤੀ ਸੱਭਿਅਤਾ ਦੀ ਸ਼ੁੱਧਤਾ ਦੇ ਨਾਮ 'ਤੇ
ਇਹ ਅਸਾਡੀ ਰੀਝ ਹੈ
ਤੇ ਅਸਾਡਾ ਫੈਸਲਾ
ਕਿ ਅਗਲੇ ਮੌਸਮ ਤੋਂ
ਹਰ ਇੱਕ ਬੂਟੇ ਦੇ ਉੱਤੇ
ਇੱਕ ਰੰਗ ਦੇ ਫੁੱਲ ਖਿੜਿਆ ਕਰਨਗੇ......

-ਸੁਰਜੀਤ ਪਾਤਰ

ਕਿਸੀ ਕਾ ਹੁਕਮ ਹੈ ਸਾਰੀ ਹਵਾਏਂ,
ਹਮੇਸ਼ਾਂ ਚਲਨੇ ਸੇ ਪਹਿਲੇ ਬਤਾਏਂ,
ਕਿ ਇਨਕੀ ਸੰਮਤ ਕਯਾ ਹੈ।
ਹਵਾਓਂ ਕੋ ਬਤਾਨਾ ਯੇ ਭੀ ਹੋਗਾ,
ਕਿ ਆਂਧੀ ਕੀ ਇਜ਼ਾਜ਼ਤ ਅਬ ਨਹੀਂ ਹੈ।
ਕਿਸੀ ਕਾ ਹੁਕਮ ਹੈ ਦਰਿਆ ਕੀ ਲਹਿਰੇਂ,
ਜ਼ਰਾ ਯੇ ਸਰਕਸ਼ੀ ਕਮ ਕਰ ਲੇ ਅਪਨੀ।
ਹੱਦ ਮੇਂ ਠਹਿਰੇ।
ਉਭਰਨਾ, ਫਿਰ ਬਿਖਰਨਾ
ਔਰ ਬਿਖਰ ਕਰ ਫਿਰ ਉਭਰਨਾ।
ਗਲਤ ਹੈ ਉਨਕਾ ਯੇ ਹੰਗਾਮਾਂ ਕਰਨਾ,
ਯੇ ਸਭ ਹੈ ਸਿਰਫ ਵਹਿਸ਼ਤ ਕੀ ਅਲਾਮਤ,
ਬਗਾਵਤ ਕੀ ਅਲਾਮਤ।.....

-ਜਾਵੇਦ ਅਖਤਰ

ਕੀ ਲੋੜ ਹੈ, ਧੁਆਂਖੇ ਨੈਨਾ ਸਾਹਵੇਂ,
ਆਸਾਂ ਦੇ ਦੀਵੇ ਜਗਾਉਣ ਦੀ।
ਕੀ ਲੋੜ ਹੈ, ਉਡਣਾ ਚਾਹੁੰਦੇ ਅਰਮਾਨਾਂ ਨੂੰ,
ਖੰਭਾਂ ਨਾਲ ਸਜਾਉਣ ਦੀ।
ਕੀ ਲੋੜ ਹੈ, ਭੁੱਖੀਆਂ ਚੁੰਝਾਂ ਨੂੰ,
ਅੰਨ ਦੇ ਦਾਣੇ ਖਵਾਉਣ ਦੀ।
ਕੀ ਲੋੜ ਹੈ, ਬਾਗੀਆਂ ਤੇ ਪਰਦੇਸੀਆਂ ਨੂੰ,
ਮੁੜ ਘਰ ਪਰਤਾਉਣ ਦੀ।
ਬੱਸ ਇੱਕ ਧਮਾਕਾ, ਖਿਲਰੇ ਮਾਸ ਦੇ ਟੁਕੜੇ,
ਤਿਰੰਗੇ 'ਚ ਲਿਪਟੀਆਂ ਦੇਹਾਂ,
ਮਾਵਾਂ ਦੀਆਂ ਅੰਬਰ ਪਾੜਵੀਆਂ ਚੀਕਾਂ ਤੇ ਕੁੱਝ ਨਾਅਰੇ,
ਸੱਚੀਂ ਕਿੰਨੀ ਸੌਖੀ ਹੈ ਰਾਜਨੀਤੀ।

ਗਗਨਦੀਪ ਸਿੰਘ ਬੁਗਰਾ

ਤਿਮਾਹੀ ਅਪ੍ਰੈਲ - ਜੂਨ 2019 ਦੌਰਾਨ



# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

## 37ਵਾਂ ਸਾਲਾਨਾ ਸੈਣੀ ਸੰਮੇਲਨ:-

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਰੂਪਨਗਰ ਵੱਲੋ 6 ਅਪ੍ਰੈਲ, 2019 ਨੂੰ ਸੈਣੀ ਭਵਨ ਵਿਖੇ 37ਵਾਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਸੰਮੇਲਨ ਦਾ ਆਰੰਭ "ਸ੍ਰੀ ਸੁਖਮਨੀ ਸਾਹਿਬ" ਦੇ ਭੋਗ ਪਾਉਣ ਨਾਲ ਕੀਤਾ ਗਿਆ। ਇਸ ਦਾ ਸਾਰਾ ਖਰਚ ਸ. ਹਰਜੀਤ ਸਿੰਘ ਗਿਰਨ ਪੁੱਤਰ ਸਵ: ਸ. ਮਹਿੰਦਰ ਸਿੰਘ ਗਿਰਨ ਨੇ ਕੀਤਾ। ਸੰਮੇਲਨ ਵਿੱਚ ਬਤੌਰ ਮੁੱਖ ਮਹਿਮਾਨ ਸ਼੍ਰੀ ਤਰਸੇਮ ਸੈਣੀ, ਪ੍ਰਧਾਨ ਆਲ ਇੰਡੀਆ ਰਾਇਸ ਮਿਲਰਜ਼ ਐਸੋਸੀਏਸ਼ਨ ਪਧਾਰੇ। ਸੰਮੇਲਨ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਇੰਜ. ਭਗਵਾਨ ਸਿੰਘ ਪੰਚਕੂਲਾ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਸ. ਸੁਖਵਿੰਦਰ ਸਿੰਘ ਵਿਸਕੀ, ਉੱਘੇ ਕਾਰੋਬਾਰੀ ਤੇ ਸਮਾਜਸੇਵੀ ਸ. ਅਮਰਜੀਤ ਸਿੰਘ ਸੈਣੀ ਅਤੇ ਸ. ਜਰਨੈਲ ਸਿੰਘ ਡਾਇਰੈਕਟਰ, ਰੋਪੜ ਪ੍ਰਾਪਰਟੀਜ਼ ਅਤੇ ਬਿਲਡਰਜ਼ ਨੇ ਸ਼ਿਰਕਤ ਕੀਤੀ। ਇਸ ਮੌਕੇ 'ਤੇ ਬੋਲਦਿਆਂ ਸ਼੍ਰੀ ਤਰਸੇਮ ਸੈਣੀ ਨੇ ਬਰਾਦਰੀ ਦੀ ਬੇਹਤਰੀ ਲਈ ਏਕਤਾ ਬਣਾਈ ਰੱਖਣ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਕਿ ਰਾਜਸੀ ਪਾਰਟੀਆਂ ਬਰਾਦਰੀ ਦੀ ਫੁੱਟ ਦਾ ਲਾਭ ਉਠਾ ਰਹੀਆਂ ਹਨ। ਇਸ ਲਈ ਬਰਾਦਰੀ ਨੂੰ ਇੱਕ ਸੋਚ ਨਾਲ ਸੰਘਰਸ਼ ਕਰਦੇ ਹੋਏ ਰਾਜਸੀ ਤੌਰ ਤੇ ਮਜਬੂਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਰਾਜ ਕਰ ਰਹੀਆਂ ਸਮੂਹ ਪਾਰਟੀਆਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵਿਦੇਸ਼ਾਂ ਵਿੱਚ ਮਜਦੂਰ ਬਣ ਰਹੇ ਹਨ। ਉਨ੍ਹਾਂ ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜਸੇਵਾ ਦੇ ਕਾਰਜ ਕਰਨ ਲਈ ਵਧਾਈ ਦਿੱਤੀ।

ਸੰਮੇਲਨ 'ਚ ਆਏ ਮਹਿਮਾਨਾਂ ਦਾ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸਵਾਗਤ ਕੀਤਾ, ਸਕੱਤਰ ਬਲਬੀਰ ਸਿੰਘ ਨੇ ਸੰਸਥਾ ਦੀਆਂ ਗਤੀਵਿਧਿਆ ਬਾਰੇ ਚਾਨਣਾ ਪਾਇਆ। ਸੰਮੇਲਨ ਵਿੱਚ ਟਰੱਸਟੀ ਦੇਵਿੰਦਰ ਸਿੰਘ ਜਟਾਣਾ, ਡਾ. ਜਸਵੰਤ ਕੌਰ, ਗੁਰਮੁੱਖ ਸਿੰਘ ਲੌਂਗੀਆ, ਪੀ.ਆਰ.ਓ. ਰਾਜਿੰਦਰ ਸੈਣੀ, ਅਮਰਜੀਤ ਸਿੰਘ, ਪੀ.ਪੀ.ਐਸ.ਦਿਲਗੀਰ, ਹਰਦੇਵ ਸਿੰਘ ਖੇੜੀ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਸੈਣੀ ਸਭਾ ਅੰਬਾਲਾ ਤੋਂ ਠਾਕੁਰ ਸਿੰਘ, ਅੰਬਾਲਾ ਕੈਂਟ ਤੋਂ ਮੇਹਰ ਸਿੰਘ ਸੈਣੀ, ਰਾਜਪੁਰਾ ਤੋਂ ਸਾਧੂ ਸਿੰਘ, ਬਹਾਦਰ ਸਿੰਘ ਰਾਹੋਂ, ਟੇਕਪਾਲ ਸਿੰਘ ਫਰੀਦਾਬਾਦ, ਅਜੀਤ ਸਿੰਘ ਪਟਿਆਲਾ, ਪੰਜੌੜ ਤੋਂ ਕੈਪਟਨ ਅਮਰਜੀਤ ਸਿੰਘ, ਮਨਜੀਤ ਸਿੰਘ ਤੰਬੜ ਤੇ ਸੁਰਜੀਤ ਸਿੰਘ, ਬਲਵੀਰ ਸਿੰਘ ਮਾਹਿਲਪੁਰ, ਦਰਸ਼ਨ ਘੁੰਮਣ ਜਰਮਨ, ਕਰਨਲ ਵਿਨੋਦ ਚੌਧਰੀ, ਰਾਮ ਸਿੰਘ ਸੈਣੀ ਆਦਿ ਹਾਜ਼ਰ ਸਨ।

ਇਸ ਮੌਕੇ 'ਤੇ ਸੰਸਥਾ 'ਚ ਕਿੱਤਾ-ਸਿੱਖਲਾਈ ਦਾ ਕੋਰਸ ਪੂਰੀ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ। ਸੈਣੀ ਭਵਨ ਦੀਆਂ ਸਿੱਖਿਆਰਥਣਾਂ ਅਤੇ ਨਹਿਰੂ ਯੁਵਾ ਕੇਂਦਰ ਦੇ ਕਲਾਕਾਰਾਂ ਨੇ ਸਿੱਖਿਆਦਾਇਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।

## ਮੈਗਜ਼ੀਨ 'ਸੈਣੀ ਸੰਸਾਰ' ਦੇ 33ਵੇਂ ਅੰਕ ਦਾ ਲੋਕਅਰਪਣ

37ਵੇਂ ਸਾਲਾਨਾ ਸੈਣੀ ਸੰਮੇਲਨ ਦੌਰਾਨ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 33ਵਾਂ ਅੰਕ ਰਿਲੀਜ਼ ਕੀਤਾ ਗਿਆ। ਇਸ ਨੂੰ ਰਸਮ ਸਾਂਝੇ ਤੌਰ 'ਤੇ ਮੁੱਖ ਮਹਿਮਾਨ ਸ਼੍ਰੀ ਤਰਸੇਮ ਸੈਣੀ, ਵਿਸ਼ੇਸ਼ ਮਹਿਮਾਨਾਂ ਇੰਜ. ਭਗਵਾਨ ਸਿੰਘ ਪੰਚਕੂਲਾ, ਸ.ਸੁਖਵਿੰਦਰ ਸਿੰਘ ਵਿਸਕੀ, ਸ. ਅਮਰਜੀਤ ਸਿੰਘ ਸੈਣੀ ਅਤੇ ਸ.ਜਰਨੈਲ ਸਿੰਘ ਨੇ ਅਦਾ ਕੀਤੀ।

## ਸਫ਼ਲ ਸੈਣੀ ਸ਼ਖ਼ਸੀਅਤਾਂ ਦਾ ਸਨਮਾਨ

ਹਰ ਸਾਲ ਸਾਲਾਨਾ ਸੈਣੀ ਸੰਮੇਲਨ ਦੌਰਾਨ ਬਰਾਦਰੀ ਦੀਆਂ ਸਫ਼ਲ ਸੈਣੀ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਸਾਲ ਵੀ ਸੱਤ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਹ ਹਨ:-

ਅਸਿਸਟੈਂਟ ਪ੍ਰੋਫੈਸਰ ਹਰਮਨਦੀਪ ਸਿੰਘ ਖੁਆਸਪੁਰਾ।

ਸੰਗੀਤ ਕਲਾਕਾਰ ਸ਼੍ਰੀ ਭੁਪਿੰਦਰ ਬੱਬਲ ਨਿਹੋਲਕਾ ।

ਸਟੇਟ ਐਵਾਰਡੀ ਪ੍ਰਿੰਸੀਪਲ ਗੁਰਮੀਤ ਸਿੰਘ ਖਰੜ।

ਪੱਤਰਕਾਰ ਮਨਜੀਤ ਸਿੰਘ ਜਟਾਣਾ।

ਮਿਹਨਤੀ ਵਿਦਿਆਰਥੀ ਸੁਖਪਾਲ ਸਿੰਘ (I.I.M. ਅਹਿਮਦਾਬਾਦ ਤੋਂ MBA) ਖਾਨਪੁਰ।

ਸੈਣੀ ਭਵਨ ਦੇ ਹਿਤੈਸ਼ੀ ਗਿ. ਈਸ਼ਰ ਸਿੰਘ ਘਨੌਲੀ।

ਸਟੇਟ ਐਵਾਰਡੀ ਅਧਿਆਪਕ ਜਸਵਿੰਦਰ ਸਿੰਘ ਖੱਡ ਰਾਜਗੀਰੀ (ਨੂਰਪੁਰ ਬੇਦੀ)।

**ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਮੈਂਬਰ ਤੇ ਸਰਪੰਚ -** ਇਸ ਸੰਮੇਲਨ ਦੌਰਾਨ ਪੰਚਾਇਤੀ ਰਾਜ ਸੰਸਥਾਵਾਂ ਲਈ ਬਰਾਦਰੀ ਦੇ ਨਵੇਂ ਚੁੱਣੇ ਗਏ ਹੇਠ ਲਿਖੇ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਦੇ ਮੈਂਬਰਾਂ ਅਤੇ ਸਰਪੰਚਾਂ ਦਾ ਸਨਮਾਨ ਕੀਤਾ ਗਿਆ :-

**ਜ਼ਿਲ੍ਹਾ ਪ੍ਰੀਸ਼ਦ ਮੈਂਬਰ** : ਡਾ. ਦੇਸ ਰਾਜ ਨੰਗਲ (ਰੂਪਨਗਰ)

**ਬਲਾਕ ਸੰਮਤੀ ਮੈਂਬਰ:** ਸ਼੍ਰੀਮਤੀ ਕਮਲਜੀਤ ਕੌਰ ਕਾਬੜਵਾਲ ਰੂਪਨਗਰ।

**ਸਰਪੰਚ**

**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ :** ਹਰਪਾਲ ਸਿੰਘ ਪਠਲਾਵਾ, ਸਰਪੰਚ ਨਿਰਮਲ ਸਿੰਘ ਸ਼ੇਖੂਪੁਰ ਤੇ ਸਰਪੰਚ ਅਮਰੀਕ ਸਿੰਘ ਸੋਢੀ ਉਚਾ ਲਧਾਣਾ।

**ਜ਼ਿਲ੍ਹਾ ਰੂਪਨਗਰ :** ਐਡਵੋਕੇਟ ਕਮਲ ਸੈਣੀ ਕਟਲੀ, ਸਰਪੰਚ ਸੁਰਜੀਤ ਸਿੰਘ ਰਾਜੂ ਹਵੇਲੀ ਖੁਰਦ, ਸਰਪੰਚ ਸੁਖਵਿੰਦਰ ਕੌਰ ਥਲੀ ਖੁਰਦ, ਸਰਪੰਚ ਸੁਰਿੰਦਰ ਕੌਰ ਸਰਥਲੀ, ਸਰਪੰਚ ਮੋਹਨ ਸਿੰਘ ਆਲਮਪੁਰ, ਸਰਪੰਚ ਗੁਰਮੇਲ ਸਿੰਘ ਕੋਟਲਾ ਟੱਪਰੀਆ, ਸਰਪੰਚ ਮਨਜੀਤ ਕੌਰ ਸਸਕੌਰ

**ਜ਼ਿਲ੍ਹਾ ਪਟਿਆਲਾ :** ਸ. ਹਰਦੇਵ ਸਿੰਘ ਢਲਾਲਸੂ।

## ਐਲ. ਆਰ. ਮੁੰਦਰਾ ਯਾਦਗਾਰੀ ਕਮੇਟੀ ਰੂਮ ਦਾ ਉਦਘਾਟਨ:–

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋ ਸੈਣੀ ਭਵਨ ਦੇ ਨਵੀਨੀਕਰਨ ਪ੍ਰੋਗਰਾਮ ਅਧੀਨ ਨਵਾਂ ਕਮੇਟੀ ਰੂਮ ਬਣਾਇਆ ਗਿਆ ਹੈ। ਇਹ ਰੂਮ ਸੰਸਥਾ ਦੇ ਬਾਨੀ ਚੇਅਰਮੈਨ ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ। ਸੰਮੇਲਨ ਦੌਰਾਨ ਸੈਣੀ ਭਵਨ ਵਿਖੇ ਨਵੇਂ ਬਣਾਏ ਕਮੇਟੀ ਰੂਮ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੀ ਤਰਸੇਮ ਸੈਣੀ ਵੱਲੋਂ ਕੀਤਾ ਗਿਆ।

## ਸਮਾਜ ਭਲਾਈ ਪਾਸ ਕੀਤੇ ਗਏ ਮਤੇ :–

ਇਸ ਸਮੇ ਸਮਾਜ ਦੀ ਭਲਾਈ ਲਈ ਮਤੇ ਪਾਸ ਕੀਤੇ ਗਏ ਜਿਨ੍ਹਾਂ ਦਾ ਸਾਰ ਇਸ ਪ੍ਰਕਾਰ ਹੈ:–

- ਲੋਕਾਂ ਨੂੰ ਲੋਕ ਸਭਾ ਅਤੇ ਅਸੈਂਬਲੀ ਚੋਣਾ ਸਮੇਂ ਪੂਰੀ ਸੂਝਬੂਝ, ਆਜ਼ਾਦੀ ਤੇ ਨਿਡਰਤਾ ਨਾਲ ਇਮਾਨਦਾਰ, ਸਮਾਜਸੇਵੀ ਤੇ ਸਮਝਦਾਰ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਗਈ।
- ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਲਈ ਗੁਣਵੱਤੀ ਹੁਨਰ–ਸਿਖਲਾਈ ਦਾ ਪ੍ਰਬੰਧ, ਖੇਤੀਬਾੜੀ ਨੂੰ ਲਾਹੇਵੰਦੀ ਵਾਲਾ ਧੰਦਾ ਬਣਾ ਕੇ ਅਤੇ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਉਪਰਾਲੇ ਕੀਤੇ ਜਾਣ।
- ਲੋਕਾਂ ਨੂੰ ਪ੍ਰਾਈਵੇਟ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਲੁੱਟ ਤੋਂ ਬਚਾਉਣ ਲਈ ਸਰਕਾਰੀ ਅਦਾਰਿਆਂ ਦਾ ਪ੍ਰਬੰਧ ਠੀਕ ਕਰਨ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਨਿਯਮਿਤ ਕਰਨ ਦੀ ਅਪੀਲ ਕੀਤੀ ਗਈ।
- ਮਾਂ ਬੋਲੀ ਪੰਜਾਬੀ ਦੇ ਮਾਣ–ਸਤਿਕਾਰ ਅਤੇ ਵਿਕਾਸ ਲਈ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਘਰ ਵਿੱਚ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਅਤੇ ਵਿਆਹਾਂ ਦੇ ਸੱਦਾ–ਪੱਤਰਾਂ, ਦੁਕਾਨਾਂ ਦੇ ਬੋਰਡਾਂ ਅਤੇ ਘਰਾਂ ਦੀਆਂ ਨਾਮ–ਪਲੇਟਾਂ ਪੰਜਾਬੀ ਵਿੱਚ ਲਿਖਵਾਉਣ।
- ਬਰਾਦਰੀ ਨੇ ਮੰਗ ਕੀਤੀ ਕਿ ਸੈਣੀ ਬਰਾਦਰੀ ਦੇ ਯੋਗ ਵਿਅਕਤੀਆਂ ਨੂੰ ਬੋਰਡਾਂ, ਕਾਰਪੋਰੇਸ਼ਨਾਂ, ਕਮੇਟੀਆਂ ਅਤੇ ਪਾਰਟੀਆਂ ਦੇ ਉੱਚ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਵੇ।

## ਸੈਣੀ ਭਵਨ ਅਤੇ ਆਪਣਾ ਘਰ ਦੇ ਬਾਨੀ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੀ ਦੂਜੀ ਬਰਸੀ ਮਨਾਈ:–

ਸ਼੍ਰੀ ਐਲ. ਆਰ. ਮੁੰਦਰਾ ਦੀ ਦੂਜੀ ਬਰਸੀ 5 ਜੂਨ ਨੂੰ ਦੋਵੇਂ ਸੰਸਥਾਵਾਂ ਦੇ ਟਰੱਸਟੀਆਂ, ਇਕੱਤਰਤ ਬਜ਼ੁਰਗਾਂ ਅਤੇ ਮੁੰਦਰਾ ਪਰਿਵਾਰ ਵੱਲੋਂ ਸਾਦੇ ਢੰਗ ਨਾਲ ਮਨਾਈ ਗਈ। ਸਮਾਗਮ 'ਚ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੀ ਤਸਵੀਰ 'ਤੇ ਫੁਲ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮੇ ਸ਼੍ਰੀ ਰਾਜਿੰਦਰ ਸੈਣੀ, ਡਾ. ਅਜਮੇਰ ਸਿੰਘ, ਸ਼੍ਰੀ ਰਾਵਿੰਦਰ ਸਿੰਘ ਮੁੰਦਰਾ, ਸ਼੍ਰੀ ਵਿਨੋਦ ਜੈਨ ਅਤੇ ਐਮ. ਸੀ. ਗੁਰਮੁੱਖ ਸਿੰਘ ਸੈਣੀ ਨੇ ਲੇਟ ਸ਼੍ਰੀ ਐਲ ਆਰ. ਮੁੰਦਰਾ ਦੀਆਂ ਉਮਰ ਭਰ ਕੀਤੀਆਂ ਸਮਾਜ ਸੇਵਾਵਾਂ ਨੂੰ ਯਾਦ ਕੀਤਾ ਅਤੇ ਕਿਹਾ ਕਿ ਸ਼੍ਰੀ ਮੁੰਦਰਾ ਇੱਕ ਸਮਾਜ ਸੇਵਕ ਨੇ ਨਾਲ ਨਾਲ ਮਹਾਂਦਾਨੀ ਵੀ ਸਨ। ਇਸ ਸ਼ਰਧਾਂਜਲੀ ਸਮਾਗਮ 'ਚ ਪ੍ਰਮੁੱਖ ਤੌਰ ਤੇ ਬਲਬੀਰ ਸਿੰਘ ਸੈਣੀ, ਐਮ ਸੀ ਸ਼ਰਮਾ, ਡਾ. ਜਸਵੰਤ ਕੌਰ ਸੈਣੀ, ਜੇ. ਐਸ. ਭਾਟੀਆ, ਦਰਸ਼ਨ ਜੈਨ, ਕੈਪਟਨ ਹਾਕਮ ਸਿੰਘ, ਅਮਰਜੀਤ ਸਿੰਘ, ਸੰਦੀਪ ਸਿੰਘ ਮੁੰਦਰਾ, ਐਸ. ਐਮ. ਸਿੰਘ, ਕੁਲਦੀਪ ਸਿੰਘ, ਰਣਜੀਤ ਕੌਰ, ਗੁਰਚਰਨ ਸਿੰਘ, ਅਜਮੇਰ ਸਿੰਘ ਧਮੜੈਤ, ਮਾਸਟਰ ਅਵਤਾਰ ਸਿੰਘ, ਸੰਗਤ ਸਿੰਘ, ਆਰ. ਸੀ ਗਰੋਵਰ ਆਦਿ ਹਾਜ਼ਰ ਸਨ।

**ਹੋਰ ਸੰਸਥਾਵਾਂ ਨਾਲ ਸਹਿਯੋਗ–** ਇਸ ਤਿਮਾਹੀ ਦੌਰਾਨ ਸੈਣੀ ਭਵਨ ਦੇ ਡਾ. ਅਜਮੇਰ ਸਿੰਘ, ਸ਼੍ਰੀ ਰਾਜਿੰਦਰ ਸੈਣੀ ਅਤੇ ਡਾ. ਜਸਵੰਤ ਕੌਰ ਨੇ ਨਹਿਰੂ ਯੁਵਕ ਕੇਂਦਰ ਦੇ ਯੂਥ ਕੋਆਰਡੀਨੇਟਰ ਸ਼੍ਰੀ ਸੁਰਿੰਦਰ ਸੈਣੀ ਦੀ ਡਿਪਟੀ ਡਾਇਰੈਕਟਰ ਵਜੋਂ ਤਰੱਕੀ ਦੇ ਵਧਾਈ ਤੇ ਵਿਦਾਇਗੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਰੂਪਨਗਰ ਵਿਖੇ ਆਯੋਜਿਤ ਚਾਰ–ਦੇਸ਼ੀ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸੀਨੀਅਰ ਡਿਊਬਾਲ ਚੈਂਪੀਅਨਸ਼ਿਪ ਸਮੇਂ ਵੀ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦਿੱਤਾ।

* * * * *



## ਗ਼ਜ਼ਲ

ਜਸਵੰਤ ਸਿੰਘ 'ਜਗੈਤ'
ਕੈਲਗਰੀ( ਕੈਨੇਡਾ)

ਬਦਲੀ ਕੁਦਰਤ ਦੀ ਲੋੜ, ਜ਼ਮਾਨਾ ਬਦਲ ਗਿਆ ਏ।
ਕਾਢਾਂ ਦੀ ਨਾ ਰਹੀ ਥੋੜ, ਜ਼ਮਾਨਾ ਬਦਲ ਗਿਆ ਏ।
ਵਿਗਿਆਨ ਨੇ ਮਨੁੱਖ ਦੀ ਥਾਂ 'ਤੇ ਰੋਬੋਟ ਕੱਢ ਲਿਆ।
ਮਨੁੱਖਾਂ ਦੀ ਘਟ ਗਈ ਲੋੜ, ਜ਼ਮਾਨਾ ਬਦਲ ਗਿਆ ਏ।
ਮਨੁੱਖ ਚੰਨ ਤਾਰਿਆਂ 'ਤੇ ਨਾ ਅਜੇ ਪੂਰਾ ਪਬ ਧਰਿਆ।
ਹੁਣੇ ਕਬਜ਼ੇ ਦੀ ਲੱਗੀ ਦੌੜ, ਜ਼ਮਾਨਾ ਬਦਲ ਗਿਆ ਏ।
ਕਾਢਾਂ ਮਨੁੱਖ ਲਈ 'ਜਗੈਤ' ਨਾ ਮਨੁੱਖ ਕਾਢਾਂ ਲਈ।
ਵਰਤਣ ਵੇਲੇ ਮੱਥੇ ਦੀ ਲੋੜ, ਜ਼ਮਾਨਾ ਬਦਲ ਗਿਆ ਏ।

The Gem of Bradri



## Dr. Janmeja Singh

P.P. Singh Dilgir
Raikot

Dr. Janmeja Singh popularly known as Meji is a world-famous Clinical Psychplogist settled in U.S.A. He was born in 1931 at Montgomery( now Saliwal in Pakistan) to a Saini family of village Kheri Salabatpur near Ropar. His father S. Puran Singh was posted there as Farm Manager of the Panjab Government Agriculture Farm. He spent his childhood in Resaalewala Farm. After the retirement in 1946 his father settled at Ropar town, where Janmeja Singh finished his high school education. He was selected to represent India in the World Scout Jamboree in Paris but could not attend due to riots in Lahore. Due to the partition of India in 1947, his college education was interrupted. His eldest brother Dr.T.S.Saini took him to Kulu where he was working as a Forest Ranger. There he passed Gyani Examination( Diploma in Panjabi literature) from Panjab University in 1948. After completing undergraduate studies in Mahindra College Patiala he got Masters degree in Psychology from Panjab University Camp College at New Delhi. He taught Psychology at Malwa Teacher Training College Ludhiana for one year. He went to United States in 1958 for graduate school and received his Ph.D. from Boston University.

His passion as a conflict resolution and community mental health, focused on a cosultee-based approach. His pioneering work has taken him to dozens of countries as a Professor, Practitioner and Consultant, sercing Corporations, Youth Centres, Prisons and Medical Schools. He taught Psychology at the University of California Berkley for 16 years and was Dean of Rosebridge Graduate School of Integrative Psychology for 12 years. At San Fracisco's Letterman Army Medical Centre he was Mental Health Consultant for 17 Years. In 1993, he founded the Hume Behavioral Health Training centre , a Posrgraduate Training Institute.



Meji has been a revered faith leader in the Sikh community of the Bay Area. For decades he has taught Gurbani to children and young adults largely within the context of different Gurdwaras, the Sactuaries where Sikhs gather to worship, study and eat together. He is a founder and later Chairman of the Sikh Centre of San Francisco Bay Area and of the Sikh Foundation of North America. He is the Founding President of IK Onkar Peace Foundation, which is one of the Cooperation Circles Of United Religions Initiative (U.R.I). At present this organization has 850 Centres in 101 countries. Meji has been member of Rotary Club of Berkley(California) And Board of Directors, Interfaith Centre at Presidio San Fracisco.

Meji has been decorated with many International awards. He received a Lifetime Achievement Award from California State Psychological Association

Continue to Page 40....

ਕਹਾਣੀ

# ਹਨੇਰੀ ਰਾਤ ਤੋਂ ਨਵੀਂ ਸਵੇਰ



**ਸੁਰਿੰਦਰ ਕੌਰ ਸੈਣੀ**
**ਰੂਪਨਗਰ**

ਰਾਤ ਦੇ ਨੌਂ ਵੱਜ ਗਏ ਸਨ, ਛਿੰਦੋ ਘੜੀ ਮੁੜੀ ਬੂਹੇ ਵੱਲ ਵੇਖ ਰਹੀ ਸੀ। ਉਸ ਦਾ ਚੰਨੀ ਅਜੇ ਨਹੀਂ ਆਇਆ ਸੀ। ਰਾਤ ਦਾ ਖਾਣਾ ਬਣਾ ਕੇ ਰੱਖਿਆ ਸੀ। ਚੰਨੀ ਦੀ ਮਨਪਸੰਦੀ ਸਬਜ਼ੀ, ਗਾਜਰ ਮਟਰ ਬਣਾਇਆ ਸੀ ਤੇ ਪਿੰਡ ਤੋਂ ਆਇਆ ਸਾਗ ਵੀ ਤੜ੍ਹਕ ਲਿਆ ਸੀ। ਉਸ ਦੀਆਂ ਤਿੰਨੋ ਬੱਚੀਆਂ ਖਾਣਾ ਖਾ ਕੇ ਆਪਣੇ ਕਮਰੇ ਵਿੱਚ ਪੜ੍ਹਦੀਆਂ ਪੜ੍ਹਦੀਆਂ ਸੌਂ ਗਈਆਂ। ਛਿੰਦੋ ਦਾ ਦਿਲ ਘਬਰਾ ਰਿਹਾ ਸੀ। ਸੋਚ ਰਹੀ ਸੀ ਕਿਤੇ ਚੰਨੀ ਦਾ ਸਕੂਟਰ ਨਾ ਖਰਾਬ ਹੋ ਗਿਆ ਹੋਵੇ, ਉਹ ਤਾਂ ਕਦੇ ਇੰਨਾ ਲੇਟ ਹੁੰਦਾ ਨਹੀਂ।

ਛਿੰਦੋ ਨੇ ਸਮਾਂ ਗੁਜ਼ਾਰਨ ਲਈ ਰੇਡੀਓ ਲਗਾ ਲਿਆ। ਉਸ 'ਤੇ ਆ ਰਹੇ ਗਾਣੇ, ' ਇੱਕ ਪਿਆਰ ਦਾ ਨਗਮਾ ਹੈ.....' ਨੇ ਛਿੰਦੋ ਦੀਆਂ ਅੱਖਾਂ ਵਿੱਚ ਹੰਝੂ ਭਰ ਦਿੱਤੇ। ਇਸ ਗਾਣੇ ਵਾਲੀ ਫਿਲਮ ਉਸ ਨੇ ਚੰਨੀ ਨਾਲ ਦੋ ਵਾਰ ਦੇਖੀ ਸੀ।

ਵੇਖਦੇ ਵੇਖਦੇ ਰਾਤ ਦੇ ਗਿਆਰਾਂ ਵੱਜ ਗਏ। ਥੋੜ੍ਹੀ ਦੇਰ ਬਾਅਦ ਬੂਹਾ ਖੜਕਿਆ। ਛਿੰਦੋ ਦੌੜ ਕੇ ਦਰਵਾਜ਼ੇ ਵੱਲ ਭੱਜੀ। ਪਰ ਕੰਧ ਤੋਂ ਚੰਨੀ ਦੀ ਪੱਗ ਨਹੀਂ ਦਿਖਾਈ ਦਿੱਤੀ ਤੇ ਨਾ ਹੀ ਸਕੂਟਰ ਦੇ ਹਾਰਨ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਸਹਿਮੀ ਸਹਿਮੀ ਨੇ ਬੂਹਾ ਖੋਲ੍ਹਿਆ। ਚੰਨੀ ਦਾ ਇੱਕ ਸਟੂਡੈਂਟ, ਗੋਲ਼ਾ ਖੜ੍ਹਾ ਸੀ। ਉਸ ਨੇ ਪੁੱਛਿਆ, 'ਮਾਸਟਰ ਜੀ ਘਰ ਨੇ' ਤਾਂ ਛਿੰਦੋ ਨੇ ਨਾਂਹ ਵਿੱਚ ਸਿਰ ਫੇਰਿਆ। ਗੋਲ਼ਾ ਬਿਨਾਂ ਕੁੱਝ ਬੋਲੇ ਚਲੇ ਗਿਆ।

ਸਾਰੀ ਰਾਤ ਉਨੀਂਦਰਿਆਂ ਉਡੀਕਾਂ 'ਚ ਲੰਘ ਗਈ। ਇਹ ਪਹਿਲੀ ਵਾਰ ਸੀ ਕਿ ਚੰਨੀ ਰਾਤ ਨੂੰ ਘਰ ਨਹੀਂ ਆਇਆ। ਸਵੇਰੇ ਛੇ ਵਜੇ ਹੀ ਉਸ ਦੇ ਦਿਉਰ ਨੇ ਆ ਕੇ ਬੂਹਾ ਖੜਕਾਇਆ। ਉਹ ਹੌਲੀ ਜਿਹੇ ਬੋਲਿਆ, ' ਭਾਬੀ ਚੱਲ ਮੇਰੇ ਨਾਲ, ਵੀਰ ਦਾ ਰਾਤ ਐਕਸੀਡੈਂਟ ਹੋ ਗਿਆ, ਉਹ ਹਸਪਤਾਲ ਵਿੱਚ ਹੈ'। ਛਿੰਦੋ ਨੂੰ ਇਹ ਸੁਣ ਕੇ ਇਕਦਮ ਚੱਕਰ ਆ ਗਿਆ। ਉਹ ਵਾਹਿਗੁਰੂ ਅੱਗੇ ਅਰਦਾਸਾਂ ਕਰਨ ਲੱਗੀ, ' ਮੇਰੇ ਸੁਹਾਗ ਨੂੰ ਹਮੇਸ਼ਾਂ ਬਚਾ ਕੇ ਰੱਖੀਂ'। ਕਾਹਲੀ ਕਾਹਲੀ ਨਾਲ ਉਹ ਦਿਊਰ ਨਾਲ ਚਲੇ ਗਈ।

ਪਿੰਡ ਦੇ ਨੇੜੇ ਜਾ ਕੇ ਜਦੋਂ ਉਸ ਦੇ ਦਿਊਰ ਨੇ ਪਿੰਡ ਨੂੰ ਸਕੂਟਰ ਮੋੜਿਆ ਤਾਂ ਛਿੰਦੋ ਨੇ ਪੁੱਛਿਆ, ' ਆਪਾਂ ਪਿੰਡ ਜਾ ਕੇ ਕੀ ਕਰਨਾ, ਤੂੰ ਛੇਤੀ ਨਾਲ ਮੈਨੂੰ ਹਸਪਤਾਲ ਲੈ ਚੱਲ'। ਦਿਉਰ ਨੇ ਕਿਹਾ, ਭਾਬੀ ਸਬਰ ਕਰ, ਪਹਿਲਾਂ ਆਪਾਂ ਪਿੰਡ ਚਲਦੇ ਹਾਂ, ਉੱਥੋਂ ਕੁੱਝ ਸਮਾਨ ਲੈ ਕੇ ਜਾਣਾ ਹੈ।

ਜਦੋਂ ਉਹ ਪਿੰਡ ਘਰ ਦੇ ਕੋਲ ਪੁੱਜੇ ਤਾਂ ਲੋਕਾਂ ਦੀ ਭੀੜ ਲੱਗੀ ਹੋਈ ਸੀ। ਜਨਾਨੀਆਂ ਚਿੱਟੀਆਂ ਚੁੰਨੀਆਂ ਲੈ ਕੇ ਰੋ ਰਹੀਆਂ ਸਨ। ਛਿੰਦੋ ਨੂੰ ਵੇਖ ਕੇ ਘਬਰਾਹਟ ਹੋਣ ਲੱਗੀ। ਉਸ ਦੀਆਂ ਨਣਦਾਂ ਉਸ ਦੇ ਗਲ ਲੱਗ ਕੇ ਰੋਣ ਲੱਗੀਆਂ, ਹਾਏ ਭਾਬੀ ਤੂੰ ਲੁੱਟੀ ਗਈ, ਸਾਡਾ ਵੀਰ ਸਾਨੂੰ ਛੱਡ ਕੇ ਚਲਾ ਗਿਆ। ਛਿੰਦੋ ਡੌਰ ਭੌਰ ਹੋਈ ਉਨ੍ਹਾਂ ਨੂੰ ਵੇਖ ਰਹੀ ਸੀ। ਜਦੋਂ ਵਿਹੜੇ ਅੰਦਰ ਵੜੀ ਤਾਂ ਚਿੱਟੇ ਕੱਪੜੇ ਵਿੱਚ ਲਪੇਟੀ ਇੱਕ ਲਾਸ਼ ਪਈ ਸੀ। ਛਿੰਦੋ ਦਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਉਸ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਉਸ ਦਾ ਚੰਨੀ ਸਦਾ ਲਈ ਦੁਨੀਆਂ ਛੱਡ ਗਿਆ ਹੈ।

ਛਿੰਦੋ ਜਦੋਂ ਲਾਸ਼ ਦੇ ਨੇੜੇ ਗਈ ਤਾਂ ਜਨਾਨੀਆਂ ਨੇ ਉਸ ਦੇ ਮੂੰਹ ਤੋਂ ਕੱਪੜਾ ਲਾਹ ਦਿੱਤਾ ਤੇ ਕਿਹਾ ਛਿੰਦੋ ਰਾਣੀਏਂ ਆਖਰੀ ਵਾਰ ਆਪਣੇ ਚੰਨੀ ਦਾ ਮੂੰਹ ਦੇਖ ਲੈ, ਚੰਦਰੀਏ ਤੂੰ ਤਾਂ ਲੁੱਟੀ ਗਈ, ਤੇਰੀ ਦੁਨੀਆਂ ਉੱਜੜ ਗਈ। ਛਿੰਦੋ ਨੂੰ ਅਜੇ ਵੀ ਯਕੀਨ ਨਹੀਂ ਆ ਰਿਹਾ ਸੀ।

ਉਹ ਦੁਹਥੜਾ ਮਾਰ ਕੇ ਰੋਈ, 'ਨਹੀਂ ਨਹੀਂ ਇਹ ਮੇਰਾ ਚੰਨੀ ਨਹੀਂ ਹੋ ਸਕਦਾ, ਇਹ ਕੋਈ ਹੋਰ ਹੈ, ਉਹ ਮੈਨੂੰ ਇਕੱਲੀ ਛੱਡ ਕੇ ਕਦੇ ਨਹੀਂ ਜਾ ਸਕਦਾ'। ਫਿਰ ਛਿੰਦੋ ਬੇਹੋਸ਼ ਹੋ ਗਈ। ਉਸ ਨੂੰ ਦੰਦਲ ਪੈ ਗਈ। ਜਨਾਨੀਆਂ ਨੇ ਬੜੀ ਮੁਸ਼ਕਲ ਨਾਲ ਉਸ ਦੀ ਦੰਦਲ ਭੰਨੀ। ਹੁਣ ਉਹ ਪੱਥਰ ਹੀ ਬਣ ਗਈ ਸੀ। ਚੀਕ ਚੀਹਾੜੇ ਵਿੱਚ ਹੀ ਸਸਕਾਰ ਕਰ ਦਿੱਤਾ ਗਿਆ। ਛਿੰਦੋ ਦੀਆਂ ਤਿੰਨੋ ਮਾਸੂਮ ਬੱਚੀਆਂ ਮਾਂ ਦੇ ਮੂੰਹ ਵੱਲ ਦੇਖ ਦੇਖ ਕੁਰਲਾ ਰਹੀਆਂ ਸਨ। ਜਨਾਨੀਆਂ ਉਸਦੇ ਗਲ ਲੱਗ ਕੇ ਪਿੱਟਦੀਆਂ। ਛਿੰਦੋ ਦੀਆਂ ਅੱਖਾਂ 'ਚ ਉਸ ਦੀ ਜ਼ਿੰਦਗੀ ਦੀ ਰੀਲ੍ਹ ਘੁੰਮਣ ਲੱਗੀ। ਕਿਵੇਂ ਉਸ ਦਾ ਚੰਨੀ ਵਿਆਹ ਤੋਂ ਪਹਿਲਾਂ ਹੀ ਉਸ ਨਾਲ ਸ਼ਰਾਰਤਾਂ ਕਰਦਾ ਹੁੰਦਾ ਸੀ ਅਤੇ ਵਿਆਹ ਤੋਂ ਬਾਅਦ ਉਸ ਦੇ ਸਾਹਾਂ ਵਿੱਚ ਜਿਉਂਦਾ ਸੀ।

ਤੀਜੇ ਦਿਨ ਜਦੋਂ ਚੰਨੀ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਜਾ ਕੇ ਦਰਿਆ 'ਚ ਭੇਂਟ ਕੀਤੀਆਂ ਤਾਂ ਛਿੰਦੋ ਦਾ ਕਾਲਜਾ ਨਿਕਲ ਗਿਆ ਸੀ। ਉਹ ਕੁਰਲਾਈ, ' ਨਹੀਂ ਜੀ ਤੁਸੀਂ ਇਕੱਲੇ ਨਹੀਂ ਜਾ ਸਕਦੇ, ਮੈਂ ਵੀ ਤੁਹਾਡੇ ਨਾਲ ਹੀ ਜਾਵਾਂਗੀ'। ਉਸ ਨੇ ਦਰਿਆ ਵਿੱਚ ਛਾਲ ਮਾਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਸ ਦੇ ਜੇਠ-ਜਿਠਾਣੀ ਨੇ ਉਸ ਨੂੰ ਪਕੜ ਲਿਆ।

ਤੇਰ੍ਹਵੇਂ ਦਿਨ ਚੰਨੀ ਦਾ ਭੋਗ ਪੈ ਗਿਆ ਤਾਂ ਸਾਰੇ ਘਰੋਂ ਘਰੀ ਚਲੇ ਗਏ। ਛਿੰਦੋ ਵੀ ਆਪਣੇ ਘਰ ਆ ਗਈ। ਚੰਨੀ ਤੋਂ ਬਿਨਾਂ ਘਰ ਸੁੰਨਾ ਸੁੰਨਾ ਲਗ ਰਿਹਾ ਸੀ। ਉਸ ਨੂੰ ਚੰਨੀ ਨਾਲ ਗੁਜ਼ਾਰੇ ਪਿਆਰਭਰੇ ਦਿਨ ਇੱਕ ਸੁਫਨਾ ਲੱਗ ਰਹੇ ਸਨ। ਰੋ ਰੋ ਕੇ ਉਸ ਦੀਆਂ ਅੱਖਾਂ ਦਾ ਪਾਣੀ ਮੁੱਕ ਗਿਆ ਸੀ। ਰਾਤ ਬਹੁਤ ਹੋ ਗਈ ਸੀ। ਬੱਚੀਆਂ ਸੌਂ ਗਈਆਂ ਸਨ। ਫਿਰ ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ।

ਇੱਕ ਹਵਾ ਦਾ ਬੁੱਲ੍ਹਾ ਜਿਹਾ ਅੰਦਰ ਆਇਆ ਤੇ ਵੇਖਦੀ ਹੈ ਕਿ ਚੰਨੀ ਉਸ ਦੇ ਕੋਲ ਖੜ੍ਹਾ ਹੈ। ਉਹ ਇਕਦਮ

ਉੱਠ ਕੇ ਉਸ ਨਾਲ ਚਿੰਬੜ ਜਾਂਦੀ ਹੈ। ਚੰਨੀ, ਛਿੰਦੋ ਨੂੰ ਪਿਆਰ ਨਾਲ ਝਿੜਕਦਾ ਹੈ, " ਹੁਣ ਤੂੰ ਮੇਰੇ ਸਾਹਮਣੇ ਬੈਠ, ਵੇਖ ਤੂੰ ਆਪਣਾ ਚਿਹਰਾ ਕਿਹੋ ਜਿਹਾ ਹੋ ਗਿਆ ਹੈ, ਮੈਨੂੰ ਇਹ ਬਿਲਕੁਲ ਪਸੰਦ ਨਹੀਂ ਹੈ, ਮੇਰੀ ਛਿੰਦੋ ਕਦੇ ਵੀ ਚਿੱਟੀ ਚੁੰਨੀ ਨਹੀਂ ਲਵੇਗੀ... ਹੁਣ ਤੂੰ ਕਸਮ ਖਾ ਕਿ ਸਕੂਲ ਪਹਿਲਾਂ ਵਾਂਗ ਹੀ ਤਿਆਰ ਹੋ ਕੇ ਜਾਵੇਂਗੀ, ਮੈਂ ਤੈਨੂੰ ਰੱਜ ਵੇਖਿਆ ਕਰਾਂਗਾ ਤੇ ਖੁਸ਼ ਵੀ ਹੋਵਾਂਗਾ"। ਚੰਨੀ ਆਪਣੀ ਛਿੰਦੋ ਨੂੰ ਉਪਦੇਸ਼ ਦਿੰਦਾ ਰਿਹਾ, " ਇਹ ਮੇਰੀਆਂ ਬੱਚੀਆਂ ਤੇਰੇ ਕੋਲ ਮੇਰੇ ਪਿਆਰ ਦੀਆਂ ਨਿਸ਼ਾਨੀਆਂ ਹਨ, ਤੂੰ ਇਨ੍ਹਾਂ ਦੀ ਪਰਵਰਿਸ਼ ਵਧੀਆ ਢੰਗ ਨਾਲ ਕਰਨੀ ਹੈ। ਮੈਂ ਤੇਰਾ ਹਰ ਥਾਂ 'ਤੇ ਸਾਥ ਦੇਵਾਂਗਾ।... ਤੂੰ ਜਦੋਂ ਵੀ ਅੱਖਾਂ ਬੰਦ ਕਰ ਕੇ ਮੈਨੂੰ ਯਾਦ ਕਰੇਂਗੀ ਮੈਂ ਤੇਰੇ ਸਾਹਮਣੇ ਹੋਵਾਂਗਾ"।

ਫਿਰ ਅਚਾਨਕ ਛਿੰਦੋ ਨੂੰ ਝਟਕਾ ਜਿਹਾ ਲਗਦਾ ਹੈ, ਉਸ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ। ਚੰਨੀ ਕਿੱਧਰੇ ਅਲੋਪ ਹੋ ਗਿਆ ਸੀ। ਹੁਣ ਉਸ ਨੂੰ ਆਪਣਾ ਆਪ ਕੁੱਝ ਹੌਲਾ ਹੌਲਾ ਲੱਗ ਰਿਹਾ ਸੀ। ਚੰਨੀ ਦੋ ਘੜੀਆਂ 'ਚ ਹੀ ਉਸ ਨੂੰ ਉਜਾਲਾ ਦੇ ਗਿਆ ਸੀ।

ਉਸ ਨੇ ਸ਼ੀਸ਼ੇ ਵਿੱਚ ਆਪਣਾ ਮੂੰਹ ਦੇਖਿਆ। ਅੱਖਾਂ ਰੋ ਰੋ ਕੇ ਸੁੱਜ ਗਈਆਂ ਸਨ। ਉਸ ਨੂੰ ਉਹ ਛਿੰਦੋ ਨਹੀਂ, ਕੋਈ ਡੈਣ ਲਗਦੀ ਸੀ। ਉਹ ਫਟਾਫਟ ਬਾਥਰੂਮ 'ਚ ਗਈ ਤੇ ਠੰਢੇ ਪਾਣੀ ਨਾਲ ਇਸ਼ਨਾਨ ਕੀਤਾ। ਆਪਣੇ ਆਪ ਨੂੰ ਝੰਜੋੜਿਆ ਤੇ ਘੜੀ ਵੱਲ ਵੇਖ ਕੇ ਸਕੂਲ ਦਾ ਟਾਇਮ ਯਾਦ ਆਇਆ। ਛੇਤੀ ਛੇਤੀ ਬੱਚਿਆਂ ਨੂੰ ਉਠਾਇਆ, ਨਾਸ਼ਤਾ ਕਰਾਇਆ ਤੇ ਸਕੂਲ ਜਾਣ ਲਈ ਤਿਆਰ ਕੀਤਾ। ਆਪ ਵੀ ਪਹਿਲਾਂ ਵਾਂਗੂੰ ਤਿਆਰ ਹੋ ਗਈ। ਚਿੱਟੀ ਚੁੰਨੀ ਨੂੰ ਗੰਢ ਮਾਰ ਕੇ ਕੂੜੇ ਦੇ ਪੀਪੇ ਵਿੱਚ ਸੁੱਟ ਦਿੱਤਾ। ਉਸ ਨੂੰ ਹੁਣ ਚੰਨੀ ਆਪਣੇ ਨਾਲ ਤੁਰਦਾ ਨਜ਼ਰ ਆ ਰਿਹਾ ਸੀ।

ਇੱਕ ਰਾਤ ਵਿੱਚ ਹੀ ਉਸ ਦਾ ਯੁੱਗ ਬਦਲ ਗਿਆ ਸੀ। ਮੱਸਿਆ ਤੋਂ ਪੁੰਨਿਆਂ ਤੱਕ ਦਾ ਸਫਰ ਕਰ ਲਿਆ ਸੀ। ਉਹ ਸੋਚ ਰਹੀ ਸੀ ਕਿ ਚੰਨੀ ਨੇ ਤਾਂ ਇਸ ਬੁਰੇ ਵਕਤ ਵੀ ਉਸ ਦਾ ਸਾਥ ਨਿਭਾਇਆ ਸੀ। ਕਿਵੇਂ ਉਸ ਨੂੰ ਹਨੇਰੀ ਰਾਤ ਵਿੱਚੋਂ ਕੱਢ ਕੇ ਨਵੀਂ ਸਵੇਰ ਦਾ ਚਾਨਣ ਵਿਖਾਇਆ ਸੀ।

'ਸੈਣੀ ਸੰਸਾਰ' ਦੇ 35ਵੇਂ ਅੰਕ ਵਿੱਚ ਦਿੱਤੀ ਪ੍ਰਸ਼ਨੋਤਰੀ-5 ਦੇ ਪ੍ਰਸ਼ਨਾਂ ਦੇ ਉੱਤਰ

1. ਸ, 2. ਅ, 3. ੲ, 4. ੳ, 5. ਸ, 6. ਅ, 7. ੳ, 8. ਸ, 9. ਅ, 10. ੳ, 11. ਸ, 12. ਅ, 13. ੲ, 14. ਅ, 15. ਅ, 16. ਅ, 17. ੳ, 18. ੲ, 19. ਸ, 20. ਸ,



## ਅਪ੍ਰੈਲ-ਜੂਨ ਦੌਰਾਨ ਪ੍ਰਾਪਤ ਹੋਈ ਮਾਇਕ ਸਹਾਇਤਾ

**ਅਮਰਜੀਤ ਸਿੰਘ**
ਰੂਪਨਗਰ

**ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ–**

1. ਇੰਜ. ਭਗਵਾਨ ਸਿੰਘ, ਰਿਟਾ. ਰਿਜਨਲ ਐਨਵਾਇਰਨਮੈਂਟ ਆਫੀਸਰ, ਪੰਚਕੂਲਾ (ਹਰਿਆਣਾ) – **51000 ਰੁ.**
2. ਸ਼੍ਰੀ ਤਰਸੇਮ ਸੈਣੀ, ਪ੍ਰਧਾਨ, ਆਲ ਇੰਡੀਆ ਰਾਈਸ ਸ਼ੈਲਰਜ਼ ਐਸੋਸੀਏਸ਼ਨ, ਪਟਿਆਲਾ – **20000 ਰੁ.**
3. ਸ. ਬਘੇਲ ਸਿੰਘ, ਐਮ.ਡੀ., ਰੋਪੜ ਪ੍ਰਾਪਰਟੀਜ਼ ਐਂਡ ਬਿਲਡਰਜ਼, ਰੂਪਨਗਰ – **11000 ਰੁ.**
4. ਸ. ਅਮਰਜੀਤ ਸਿੰਘ ਸੈਣੀ, ਸਾ.ਜਨ.ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਰੂਪਨਗਰ–**11000 ਰੁ.**
5. ਸ. ਤਰਲੋਚਨ ਸਿੰਘ, ਰਿਟਾ. ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਰੂਪਨਗਰ, ਵਾਸੀ– ਕੈਨੇਡਾ– **10000 ਰੁ.**
6. ਸੂਬੇ.ਮੇਜਰ ਅਮਰਜੀਤ ਸਿੰਘ,ਪਿੰਡ-ਪੰਜੌੜ, ਜ਼ਿਲ੍ਹਾ ਹੁਸ਼ਿਆਰਪੁਰ– **5100ਰੁ.** (ਸੰਤ ਬਲਬੀਰ ਸਿੰਘ ਜੀ ਦੀ ਯਾਦ ਵਿੱਚ)
7. ਸ. ਕਰਮਜੀਤ ਸਿੰਘ, ਪਿੰਡ-ਲਾਡਲ, ਜ਼ਿਲ੍ਹਾ-ਰੂਪਨਗਰ– **2100 ਰੁ.**
8. ਡਾ. ਜਗਜੀਤ ਸਿੰਘ ਨਨੂਆਂ, ਰੂਪਨਗਰ– **1100 ਰੁ.**
9. ਸ. ਗੁਰਨਾਮ ਸਿੰਘ, ਸ਼ਾਮਪੁਰਾ, ਰੂਪਨਗਰ–**1100 ਰੁ.**
10. ਸ਼੍ਰੀਮਤੀ ਸੁਰਿੰਦਰ ਕੌਰ ਸੈਣੀ, ਰਿਟਾ. ਅਧਿਆਪਕਾ ਅਤੇ ਲਿਖਾਰੀ, ਰੂਪਨਗਰ– **1100 ਰੁ.**
11. ਸ. ਗੁਰਮੇਲ ਸਿੰਘ, ਸਰਪੰਚ, ਪਿੰਡ-ਕੋਟਲਾ ਟੱਪਰੀਆਂ, ਜ਼ਿਲ੍ਹਾ-ਰੂਪਨਗਰ– **1100 ਰੁ.**
12. ਸ. ਹਰਜੀਤ ਸਿੰਘ ਡਾਂਗੀ, ਹਵੇਲੀ ਕਲਾਂ (ਰੂਪਨਗਰ)– **1000 ਰੁ.**
13. ਸ. ਸੁਰਜੀਤ ਸਿੰਘ, ਰਿਟਾ. ਅਧਿਆਪਕ, ਪਿੰਡ-ਪੰਜੌੜ, ਜ਼ਿਲ੍ਹਾ-ਹੁਸ਼ਿਆਰਪੁਰ– **500 ਰੁ.**
14. ਸ਼੍ਰੀਮਤੀ ਕੌਸ਼ੱਲਿਆ ਦੇਵੀ, ਮੋਢੀ ਸਿਲਾਈ ਅਧਿਆਪਕਾ ਸੈਣੀ ਭਵਨ, ਰੂਪਨਗਰ– **500 ਰੁ.**

**ਵਜ਼ੀਫੇ ਦੇਣ ਲਈ–**

1. ਐਡਵੋਕੇਟ ਬਲਦੇਵ ਸਿੰਘ ਮੁੰਦਰਾ (ਹਵੇਲੀ ਕਲਾਂ) ਰਿਟਾ.ਐਮ.ਡੀ.,ONGC ,ਮੁੰਬਈ–**50000 ਰੁ**
2. ਇੰਜ. ਟੇਕਪਾਲ ਸਿੰਘ, ਐਮ.ਡੀ., ਅਵਿਨਾਸ਼ ਇੰਜ. ਪ੍ਰੋਡਕਟਸ, ਫਰੀਦਾਬਾਦ–**20000 ਰੁ.**
3. ਪ੍ਰੋ. ਹਰਮਨਦੀਪ ਸਿੰਘ, ਪਿੰਡ-ਖੁਆਸਪੁਰਾ, ਜ਼ਿਲ੍ਹਾ-ਰੂਪਨਗਰ– **5000 ਰੁ.**
4. ਸ. ਮੋਹਣ ਸਿੰਘ ਪੁੱਤਰ ਸ. ਕਿਹਰ ਸਿੰਘ, ਮਲਹੋਤਰਾ ਕਾਲੋਨੀ, ਰੂਪਨਗਰ– **2500 ਰੁ.**

ਇਨ੍ਹਾਂ ਸਾਰੇ ਦਾਨੀ ਸੱਜਣਾ ਦਾ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਧੰਨਵਾਦ

ਗੁਰੂ ਨਾਨਕ ਦੇਵ ਜੀ 550ਵੇਂ ਪ੍ਰਗਟ ਵਰਸ਼ 'ਤੇ ਵਿਸ਼ੇਸ਼



# ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ

**ਅਜੀਤ ਸਿੰਘ**
ਸੈਣੀ ਭਵਨ ਰੂਪਨਗਰ

## ਚੜ੍ਹਿਆ ਸੋਧਣ ਧਰਤ ਲੁਕਾਈ

ਉਦਾਸੀ ਦੇ ਅਰਥ ਹਨ-ਉਪਰਾਮ ਹੋਣਾ, ਫਿਕਰਮੰਦ ਹੋਣਾ। ਗੁਰੂ ਨਾਨਕ ਦੇਵ ਜੀ ਧਾਰਮਿਕ ਕਰਮ-ਕਾਂਡਾ ਅਤੇ ਵਹਿਮਾਂ ਭਰਮਾਂ ਵਿੱਚ ਫਸੀ ਲੋਕਾਈ ਦੀ ਚਿੰਤਾਜਨਕ ਹਾਲਤ ਤੋਂ ਫਿਕਰਮੰਦ ਹੋ ਕੇ ਇਸ ਦੇ ਉਧਾਰ ਲਈ ਘਰ-ਪਰਿਵਾਰ ਦਾ ਮੋਹ ਤਿਆਗ ਕੇ 1507 ਈ ਵਿੱਚ 38 ਸਾਲ ਦੀ ਭਰ ਉਮਰੇ ਸੰਸਾਰ ਭ੍ਰਮਣ 'ਤੇ ਨਿਕਲ ਪਏ। ਸਿੱਖ ਵਿਕੀਪੀਡੀਆ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ 25 ਸਾਲਾਂ ਦੌਰਾਨ 28000 ਕਿਲੋਮੀਟਰ ਪੈਦਲ ਸਫ਼ਰ ਕੀਤਾ ਅਤੇ ਆਪ ਮੋਰਾਕੋ ਦੇ ਇਬਨ ਬਤੂਤਾ ਤੋਂ ਬਾਅਦ ਵੱਧ ਸਫਰ ਕਰਨ ਵਾਲੇ ਦੁਨੀਆਂ ਦੇ ਦੂਜੇ ਵਿਅਕਤੀ ਸਨ।

**ਪਹਿਲੀ ਉਦਾਸੀ ( 1507-1515 ਈ.)-**

ਇਹ ਯਾਤਰਾ ਆਪ ਨੇ **ਸੁਲਤਾਨਪੁਰ** ਤੋਂ ਸ਼ੁਰੂ ਕੀਤੀ। ਇੱਥੋਂ ਆਪਣੇ ਜੱਦੀ ਪਿੰਡ **ਤਲਵੰਡੀ** ਪਹੁੰਚ ਕੇ ਆਪਣੇ ਮਾਂਬਾਪ ਨੂੰ ਮਿਲਣ ਉਪਰੰਤ **ਸੈਦਪੁਰ**( ਐਮਨਾਬਾਦ) ਗਏ ਜਿੱਥੇ ਕਿਰਤੀ ਭਾਈ ਲਾਲੋ ਅਤੇ ਧਨਾਢ ਮਲਕ ਭਾਗੋ ਨੂੰ ਉਪਦੇਸ਼ ਦਿੱਤਾ। ਇੱਥੋਂ ਆਪ **ਲਾਹੌਰ** ਗਏ ਅਤੇ ਮਾਇਆ ਵਿੱਚ ਗ੍ਰਸਤ ਸੇਠ ਦੁਨੀ ਚੰਦ ਦਾ ਉਧਾਰ ਕੀਤਾ। ਅੱਗੇ ਆਪ ਨੇ ਤਰਨਤਾਰਨ ਲਾਗੇ ਪਿੰਡ **ਦੀਪਾਲਪੁਰ** ਵਿਖੇ ਇੱਕ ਕੋਹੜੀ ਨੂੰ ਰਾਮ ਨਾਮ ਨਾਲ ਜੋੜ ਕੇ ਠੀਕ ਕੀਤਾ।

ਕੋਈ ਛੇ ਮਹੀਨੇ ਬਾਅਦ ਆਪ ਵੈਸਾਖੀ ਦੇ ਮੌਕੇ **ਹਰਿਦੁਆਰ** ਪਹੁੰਚੇ ਜਿੱਥੇ ਆਪਣੇ ਪਿੱਤਰਾਂ ਲਈ ਸੂਰਜ ਵੱਲ ਨੂੰ ਪਾਣੀ ਸੁੱਟਦੇ ਲੋਕਾਂ ਨੂੰ ਉਲਟ-ਕਿਰਿਆ ਰਾਹੀਂ ਉਪਦੇਸ਼ ਦਿੱਤਾ। ਇੱਥੇ ਹੀ ਆਪ ਨੇ ਇੱਕ ਵੈਸ਼ਨਵ ਸਾਧੂ ਦੇ ਪਾਖੰਡ ਨੂੰ ਨੰਗਾ ਕੀਤਾ ਜੋ ਕਿ ਅੱਗ ਲੈਣ ਆਏ ਮਰਦਾਨੇ ਨੂੰ ਸ਼ੂਦਰ ਜਾਣ ਕੇ ਉਸ ਦੇ ਪਿੱਛੇ ਭੱਜਾ ਸੀ। ਇੱਥੋਂ ਆਪ ਗੜ੍ਹਵਾਲ ਦੀ ਰਾਜਧਾਨੀ **ਸ਼੍ਰੀਨਗਰ** ਗਏ ਜਿੱਥੇ ਰਾਜਾ ਵਿਜੈ ਪ੍ਰਕਾਸ਼ ਦੇ ਸ਼ੰਕੇ ਦੂਰ ਕੀਤੇ। ਫਿਰ ਆਪ **ਕੋਟਦੁਆਰਾ, ਬਦਰੀ ਨਾਥ ਤੇ ਅਲਮੋੜਾ** ਹੁੰਦਿਆਂ **ਗੋਰਖਮਤਾ** ਪਹੁੰਚੇ ਜਿੱਥੇ ਆਪ ਨੇ ਜੋਗੀਆਂ ਦੇ ਮੁਖੀ ਭੰਗਰਨਾਥ ਨਾਲ ਸੰਵਾਦ ਰਚਾਇਆ ਅਤੇ ਫਿਰ ਜੋਗੀਆਂ ਦੇ ਇੱਕ ਹੋਰ ਟਿਕਾਣੇ (ਹੁਣ ਗੁਰਦੁਆਰਾ **ਰੀਠਾ ਸਾਹਿਬ**) ਜਾ ਕੇ ਕੌੜੇ ਰੀਠੇ ਨੂੰ ਮਿੱਠਾ ਕਰ ਕੇ ਮਿੱਠਾ ਬੋਲਣ ਦਾ ਉਪਦੇਸ਼ ਦਿੱਤਾ।

ਅੱਗੇ ਆਪ **ਬਰੇਲੀ, ਲਖਨਊ ਤੇ ਕਾਨ੍ਹਪੁਰ** ਹੁੰਦੇ ਹੋਏ **ਅਲਾਹਾਬਾਦ( ਪ੍ਰਯਾਗ)** ਵਿਖੇ ਤ੍ਰਿਵੇਣੀ ਪਹੁੰਚੇ ਅਤੇ ਪੰਡਤਾਂ ਨੂੰ ਤੀਰਥ-ਇਸ਼ਨਾਨ ਦੇ ਅਸਲ ਅਰਥ ਸਮਝਾਏ। ਇੱਥੋਂ ਚੱਲ ਕੇ **ਅਯੋਧਿਆ** ਹੁੰਦੇ ਹੋਏ **ਬਨਾਰਸ** ਪਹੁੰਚੇ ਜਿੱਥੇ ਪੰਡਤਾਂ ਦੇ ਪ੍ਰਮੁੱਖ ਚਤਰ ਦਾਸ ਨੂੰ ਭੇਖਾਂ ਦੀ ਵਿਅਰਥਤਾ ਦੱਸੀ ਅਤੇ ਵੇਦਾਂ ਦਾ ਅਸਲ ਗਿਆਨ ਕਰਵਾਇਆ। ਇੱਥੇ ਆਪ 15 ਦਿਨ ਰਹੇ ਜਿਸ ਦੌਰਾਨ ਭਗਤ ਰਵਿਦਾਸ ਨੂੰ ਬਨਾਰਸ ਅਤੇ



ਗੁਰੂ ਨਾਨਕ, ਭਾਈ ਮਰਦਾਨਾ ਅਤੇ ਭਾਈ ਬਾਲਾ ਜੀ ਯਾਤਰਾ ਦੌਰਾਨ

ਭਗਤ ਕਬੀਰ ਨੂੰ ਲਾਗੇ ਹੀ **ਮਗਹਰ** ਪਿੰਡ ਵਿਖੇ ਜਾ ਕੇ ਮਿਲੇ। ਬਨਾਰਸ ਵਿਖੇ ਹੀ ਆਪ ਨੇ ਰਾਜਾ ਹਰਿਨਾਥ ਨੂੰ ਸੰਸਾਰ ਨਾ ਤਿਆਗਣ ਦਾ ਉਪਦੇਸ਼ ਦਿੱਤਾ। ਆਪ ਨੇ **ਗੋਰਖਪੁਰ** ਜਾ ਕੇ ਵੀ ਲੋਕਾਂ ਨੂੰ ਸਿੱਧੇ ਰਾਹ ਪਾਇਆ।

ਬਨਾਰਸ ਤੋਂ ਆਪ **ਗਯਾ** ਗਏ ਅਤੇ ਲੋਕਾਂ ਨੂੰ ਸਮਝਾਇਆ ਕਿ ਸਵਰਗ ਜਾਣ ਦਾ ਰਾਸਤਾ ਰੋਸ਼ਨ ਕਰਨ ਲਈ ਦੀਵੇ ਜਲਾਉਣ ਅਤੇ ਪ੍ਰੋਹਤਾਂ ਨੂੰ ਦਾਨ ਦੇਣ ਦੀ ਕੋਈ ਲੋੜ ਨਹੀਂ।ਇਹ ਸਭ ਭਰਮ ਹਨ। ਫਿਰ ਆਪ ਨੇ **ਬੋਧ ਗਯਾ** ਜਾ ਕੇ ਮਹੰਤ ਦੇਵ ਗਿਰੀ ਨੂੰ ਆਪਣਾ ਸੇਵਕ ਬਣਾਇਆ। ਇੱਥੋਂ ਚੱਲ ਕੇ ਆਪ **ਪਟਨਾ** ਸ਼ਹਿਰ ਪਹੁੰਚੇ ਜਿੱਥੇ ਸਾਲਸ ਰਾਇ ਜੌਹਰੀ ਨੂੰ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾਇਆ। ਪਟਨਾ ਤੋਂ **ਰਾਜਗ੍ਰੀਹ, ਹਾਜੀਪੁਰ, ਮੁੰਘੇਰ, ਭਾਗਲਪੁਰ, ਸਾਹਿਬ ਗੰਜ, ਰਾਜ ਮਹਲ** ਤੋਂ ਹੁੰਦੇ ਹੋਏ **ਮਾਲਦਾ** ਪਹੁੰਚੇ ਜਿੱਥੋਂ **ਮਾਣਕ ਗੰਜ ਤੇ ਦੇਵਪੁਰ** ਹੁੰਦੇ ਹੋਏ 1509 ਵਿੱਚ **ਢਾਕਾ** ਪੁੱਜੇ। ਇੱਥੋਂ ਆਪ **ਧਨਪੁਰ** ਗਏ ਜਿੱਥੇ ਕਾਲੇ ਜਾਦੂ ਦੀ ਮਾਹਿਰ ਨੂਰ ਸ਼ਾਹ ਨਾਲ ਵਾਸਤਾ ਪਿਆ ਜਿਸ ਨੂੰ ਉਪਦੇਸ਼ ਦੇ ਕੇ ਸਿੱਧੇ ਰਾਹ ਪਾਇਆ। ਉੱਥੇ ਹੀ ਆਪ ਨੇ ਪੱਥਰ ਮਾਰਨ ਵਾਲੇ ਲੋਕਾਂ ਨੂੰ 'ਵਸਦੇ ਰਹੁ' ਦਾ ਅਤੇ ਸਤਿਕਾਰ ਦੇਣ ਵਾਲਿਆਂ ਨੂੰ 'ਉਜਾੜ ਹੋਵੇ' ਵਰਦਾਨ ਦਿੱਤਾ। ਉੱਥੋਂ ਆਪ ਭਗਤ ਜੈ ਦੇਵ ਦੇ ਜਨਮ ਸਥਾਨ ਬੀਰਭੂਮ ਦੇ ਨਗਰ **ਕੇਂਦਲੀ** ਪਹੁੰਚੇ ਅਤੇ ਉਨ੍ਹਾਂ ਦੀ ਬਾਣੀ ਇਕੱਤਰ ਕੀਤੀ। ਇੱਥੋਂ ਆਪ **ਸਿਲਹਟ, ਇਮਫਾਲ, ਧੁਬੜੀ, ਮਨੀਪੁਰ, ਕੋਹਿਮਾ ਤੇ ਗੋਹਾਟੀ** ਪਹੁੰਚੇ । ਆਸਾਮ ਵਿੱਚ ਹੀ ਗੁਰੂ ਜੀ ਦੀ ਭੇਟ ਭਗਤ ਸ਼ੰਕਰ ਦੇਵ ਨਾਲ ਹੋਈ ਅਤੇ ਇੱਕ ਰਾਣੀ ਗੌਰ ਜਾਨ ਨੇ ਗੁਰੂ ਜੀ ਤੋਂ ਦੀਖਿਆ ਲਈ ਜਿਸ ਦਾ ਪੋਤਰਾ ਗੁਰੂ ਤੇਗ ਬਹਾਦਰ ਦੀ ਸ਼ਰਨ ਆਇਆ ਅਤੇ ਪੜਪੋਤਰੇ ਰਤਨ ਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਸ਼ਾਦੀ ਹਾਥੀ ਭੇਂਟ ਕੀਤਾ ਸੀ। ਆਸਾਮ ਤੋਂ ਵਾਪਸ ਆਉਂਦਿਆਂ ਆਪ ਸੰਨ 1510 ਵਿੱਚ **ਕਲਕੱਤਾ** ਆਏ ਜਿੱਥੋਂ ਦੇ ਰਾਜਾ ਬਰਦਵਾਨ ਨੇ

ਆਪ ਦੇ ਦਰਸ਼ਨ ਕੀਤੇ ਜਿਸ ਸਥਾਨ 'ਤੇ ਹੁਣ ਗੁਰਦੁਆਰਾ 'ਬੜਾ ਸੰਗਤ' ਮੌਜੂਦ ਹੈ।

ਕਲਕੱਤਾ ਤੋਂ **ਹੁਗਲੀ, ਬਰਦਵਾਨ, ਕਾਂਚੀ (ਰਾਮਾਨੁਜ ਦਾ ਜਨਮ ਸਥਾਨ), ਬਤਰਨੀ ਤੇ ਬ੍ਰਹਮਣੀ ਹੁੰਦੇ ਹੋਏ ਕਟਕ** ਪੁੱਜੇ ਜਿੱਥੇ ਆਪ ਚੈਤੰਨਯ ਮਹਾਂਪ੍ਰਭੂ ਨੂੰ ਮਿਲੇ ਜੋ ਆਪ ਦੇ ਨਾਲ ਹੀ ਹਿੰਦੂਆਂ ਦੇ ਪ੍ਰਸਿੱਧ ਮਠ **ਜਗਨ ਨਾਥ ਪੁਰੀ** ਲਈ ਚੱਲ ਪਏ। ਇੱਥੇ ਆਪ ਨੇ ਅਕਾਲਪੁਰ ਦੀ ਆਰਤੀ ਲਈ ਸ਼ਬਦ ' ਗਗਨ ਮਹਿ ਥਾਲ....' ਦਾ ਉਚਾਰਨ ਕਰਕੇ ਪੁਜਾਰੀਆਂ ਨੂੰ ਪ੍ਰਮਾਤਮਾ ਦੀ ਵਿਸ਼ਾਲਤਾ ਦਾ ਉਪਦੇਸ਼ ਦਿੱਤਾ। ਇੱਥੇ ਹੀ ਗੁਰੂ ਜੀ ਨੇ ਇੱਕ ਪੰਡਤ ਦੇ ਲੋਟੇ ਨੂੰ ਉਸ ਦੀ ਪਿੱਠ ਪਿਛੇ ਛੁਪਾ ਕੇ ਉਸ ਦੇ ਅੰਤਰਜਾਮੀ ਹੋਣ ਦੇ ਪਾਖੰਡ ਨੂੰ ਨੰਗਾ ਕੀਤਾ ਜੋ ਲੋਕਾਂ ਨੂੰ ਗੁਮਰਾਹ ਕਰ ਕੇ ਠਗ ਰਿਹਾ ਸੀ। ਪੁਰੀ ਤੋਂ **ਚਿਲਕਾ ਝੀਲ, ਬੀਜਵਾੜਾ, ਗੰਡੂਰ, ਕੁਡਾਪਾ ਤੇ ਕੂਨਰ** ਹੁੰਦੇ ਹੋਏ ਜੋਗੀਆਂ ਦੇ ਟਿਕਾਣੇ **ਪਾਲੀਪੁਰ** ਪੁੱਜੇ ਜਿੱਥੇ ਸਿੱਧਾਂ ਦੇ ਆਗੂ ਮੰਗਲ ਨਾਥ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਸੱਚੇ ਜੋਗ ਤੋਂ ਜਾਣੂ ਕਰਵਾਇਆ। ਇੱਥੇ ਆਪ ਨੇ ਇੱਕ ਤਿਲ ਨੂੰ ਰਗੜ ਕੇ ਸਭ ਨੂੰ ਛਕਾ ਕੇ ਵੰਡ ਛਕਣ ਦਾ ਉਪਦੇਸ਼ ਦਿੱਤਾ ਜਿੱਥੇ ਹੁਣ 'ਗੁਰਦੁਆਰਾ ਤਿਲ ਗੰਜੀ' ਕਾਇਮ ਹੈ।

ਗੁਰੂ ਜੀ ਅੱਗੇ ਸਮੁੰਦਰ ਦੇ ਕੰਢੇ ਕੰਢੇ ਸਫਰ ਕਰਦਿਆਂ ਦੂਰ ਦੱਖਣ **ਰਾਮੇਸ਼ਵਰ** ਜਾ ਪੁੱਜੇ। ਇੱਥੇ ਉਪਦੇਸ਼ ਦੇ ਕੇ ਆਪ **ਲੰਕਾ** ਚਲੇ ਗਏ। ਇੱਥੇ ਆਪ ਦਾ ਭਗਤ ਭਾਈ ਮਨਸੁਖ ਪ੍ਰਚਾਰ ਕਰਦਾ ਸੀ ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਸ਼ਿਵਨਾਭ ਨੇ ਗੁਰੂ ਜੀ ਨਾਲ ਮੁਲਾਕਾਤ ਕੀਤੀ। ਉਸ ਨੇ ਗੁਰੂ ਜੀ ਨੂੰ ਕਈ ਪ੍ਰਕਾਰ ਦੇ ਦੁਨਿਆਵੀ ਸੁਖ ਦੇ ਕੇ ਭਟਕਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕਿਆ ਤਾਂ ਸ਼ਰਧਾਲੂ ਬਣ ਗਿਆ। ਇੱਥ ਆਪ ਨੇ 'ਪ੍ਰਾਨ ਸੰਗਲੀ' ਉਚਾਰੀ। ਇੱਥੋਂ ਆਪ **ਤ੍ਰਿਣ ਕੌਮਲੀ, ਮਟੀਆਂ ਕਲਾਂ, ਜੈਵਰਧਨ ਤੇ ਜਾਫਨਾ** ਹੁੰਦੇ ਹੋਏ ਦੱਖਣ ਵਾਪਸ ਆ ਗਏ। ਫਿਰ ਆਪ **ਧਨਸ਼ਕਟੀ, ਕੰਨਿਆਂਕੁਮਾਰੀ ਰਾਹੀਂ ਕੋਚੀਨ** ਪੁੱਜੇ ਜਿੱਥੇ ਆਪ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਲਈ ਉਪਦੇਸ਼ ਦਿੱਤਾ। ਕੋਚੀਨ ਤੋਂ **ਆਂਧਰਾ ਪ੍ਰਦੇਸ਼** ਆਉਂਦਿਆਂ ਆਪ ਜੰਗਲ ਵਿੱਚੋਂ ਲੰਘੇ ਜਿਸ ਨੂੰ 'ਕਜਲੀ ਵਣ' ਕਿਹਾ ਜਾਂਦਾ ਸੀ। ਇੱਥੇ ਵਸਦੀ ਇੱਕ ਜਾਤੀ ਮਨੁੱਖਾਂ ਦਾ ਮਾਸ ਖਾਂਦੀ ਸੀ। ਇੱਥੇ ਭਾਈ ਮਰਦਾਨਾ **ਕੌਡੇ ਰਾਖਸ਼** ਦੇ ਵੱਸ ਪੈ ਗਿਆ ਜਿਸ ਨੂੰ ਗੁਰੂ ਜੀ ਨੇ ਉਪਦੇਸ਼ ਦੇ ਕੇ ਇਕ ਕੁਕਰਮ ਕਰਨ ਤੋਂ ਵਰਜਿਆ। ਅੱਗੇ ਗੁਰੂ ਜੀ **ਹੈਦਰਾਬਾਦ ਤੇ ਬਿਦਰ** ਹੁੰਦੇ ਹੋਏ **ਨਾਨਕ ਝੀਰਾ** ਪੁੱਜੇ। ਇੱਥੇ ਪਾਣੀ 'ਤੇ ਕਬਜ਼ਾ ਕਰੀ ਬੈਠੇ ਸਯਦ ਯਕੂਬ ਤੇ ਜਲਾਲਦੀਨ ਨੂੰ ਉਪਦੇਸ਼ ਦੇ ਕੇ ਸ਼ੁਭ ਕਰਮ ਕਰਨ ਲਈ ਪ੍ਰੇਰਿਆ।

ਦੱਖਣ ਵਿੱਚ ਹੀ ਆਪ ਮੈਸੂਰ ਦੇ ਸ਼ਹਿਰ **ਸ਼੍ਰੀ ਰੰਗਾਮਨ ਤੇ ਪਾਂਧਰਪੁਰ** ਤੋਂ ਹੋ ਕੇ ਪਹਿਲਾਂ **ਭਗਤ ਨਾਮਦੇਵ ਦੇ ਪਿੰਡ ਨਰਸੀ ਅਤੇ** ਫਿਰ **ਭਗਤ ਤ੍ਰਿਲੋਚਨ ਦੇ ਪਿੰਡ ਬਾਮਨੀ** ਪੁੱਜੇ। ਇੱਥੋਂ ਆਪ **ਮਾਲਟੇਕਰੀ(ਨਾਂਦੇੜ), ਨਾਸਕ, ਪੂਨਾ** ਰਾਸਤੇ ਤਾਪਤੀ ਨਦੀ ਦੇ ਕਿਨਾਰੇ **ਓਂਕਾਰ** ਪੁੱਜੇ ਜਿੱਥੇ ਓਂਕਾਰ ਦੀ ਬਾਣੀ ਰਚੀ। ਇੱਥੋਂ ਆਪ **ਉਜੈਨ, ਇੰਦੌਰ, ਬੜੌਦਾ, ਅਹਿਮਦਾਬਾਦ, ਕੈਂਬੇ ਦੀ ਖਾੜੀ, ਭਾਵਨਗਰ, ਜੈਨੀਆਂ ਦੇ ਮੰਦਰ ਪਾਲੀਤਾਣੇ, ਸੋਮਨਾਥ, ਜੂਨਾਗੜ੍ਹ, ਗਿਰਨਾਰ, ਸੁਦਾਮਾਪੁਰੀ(ਪੋਰਬੰਦਰ), ਸੀਤਾ ਮੰਦਰ, ਦੁਆਰਵਤੀ** ਹੁੰਦੇ ਹੋਏ **ਦੁਆਰਕਾ** ਆ ਬਿਰਾਜੇ। ਇਨ੍ਹਾ ਸਥਾਨਾਂ 'ਤੇ ਠਹਿਰ ਦੌਰਾਨ ਆਪ ਨੇ ਸਰੇਵੜਿਆਂ ਅਤੇ ਚਾਰਵਾਕੀਆਂ ਦੇ ਵਹਿਮਾ ਭਰਮਾਂ ਦਾ ਨਿਵਾਰਨ ਕਰਕੇ ਉਨ੍ਹਾਂ ਨੂੰ ਪ੍ਰਮਾਤਮਾ ਨਾਲ ਜੋੜਿਆ। ਇਸ ਤੋਂ ਬਾਅਦ ਆਪ ਰਾਜਪੂਤਾਨੇ ਵਿੱਚ **ਧੁਆਨ ਵਿਖੇ ਭਗਤ ਧੰਨਾ ਜੀ** ਨੂੰ ਮਿਲੇ ਜਿਨ੍ਹਾਂ ਦੀ ਉਮਰ 92 ਸਾਲ ਹੋ ਚੁੱਕੀ ਸੀ। ਇੱਥੋਂ ਚੱਲ ਕੇ ਗੁਰੂ ਜੀ **ਬੂੰਦੀ, ਕੋਟਾ ਦੇ ਰਾਸਤੇ ਸ਼ਿਵਪੁਰ, ਗਵਾਲੀਅਰ ਤੇ ਆਗਰਾ** ਠਹਿਰਦੇ ਹੋਏ **ਮਥੁਰਾ** ਪੁੱਜੇ ਅਤੇ ਤੀਰਥ ਸਥਾਨਾਂ 'ਤੇ ਆਮ ਲੋਕਾਂ ਦੀ ਹੋ ਰਹੀ ਲੁੱਟ ਵਿਰੁੱਧ ਆਵਾਜ਼ ਉਠਾਈ। ਅੱਗੇ ਚੱਲਦਿਆਂ ਆਪ ਕ੍ਰਿਸ਼ਨ ਜੀ ਦੇ ਸਥਾਨ **ਬਿੰਦਰਾਬਨ** ਆਏ ਜਿੱਥੇ ਰਾਸਾਂ ਪਾਉਂਦੇ ਸ਼ਰਧਾਲੂਆਂ ਨੂੰ ਉਪਦੇਸ਼ ਦੇ ਕੇ ਅਸਲ ਧਰਮ ਦੀ ਜਾਣਕਾਰੀ ਦਿੱਤੀ। ਇੱਥੋਂ ਆਪ ਦਿੱਲੀ ਪੁੱਜੇ ਜਿੱਥੇ **ਮਜਨੂੰ ਟਿੱਲੇ** ਦੇ ਸਥਾਨ 'ਤੇ ਇਬ੍ਰਾਹਮ ਨਾਲ ਮੁਲਾਕਾਤ ਹੋਈ ਜੋ ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਚਰਨੀ ਆ ਡਿਗਿਆ। ਦਿੱਲੀ ਵਿਖੇ ਹੀ **ਨਾਨਕ ਪਿਆਊ** ਵਾਲੇ ਸਥਾਨ 'ਤੇ ਸੱਯਦ ਸ਼ੇਖ ਫਰੀਦ ਦੀ ਆਕੜ ਭੰਨੀ। ਦਿੱਲੀ ਤੋਂ ਆਪ **ਪਾਨੀਪਤ** ਆਏ ਜਿੱਥੇ ਪੀਰ ਸ਼ਰਫ ਤੇ ਤਾਹਿਰ ਨੂੰ ਅੱਲ੍ਹਾ ਦੀ ਅਸਲੀਅਤ ਤੋਂ ਜਾਣੂ ਕਰਵਾਇਆ। ਇੱਥੋਂ ਆਪ **ਕਰਨਾਲ** ਦੇ ਮਹੱਲਾ ਠਠੇਰਾਂ ਵਿੱਚ ਕਿਰਤੀਆਂ ਦੇ ਘਰ (ਗੁਰਦੁਆਰਾ ਮੰਜੀ ਸਾਹਿਬ) ਰਾਤ ਕੱਟ ਕੇ **ਕੁਰੂਕਸ਼ੇਤਰ** ਆ ਪਹੁੰਚੇ ਜਿੱਥੇ ਆਪ ਨੇ ਸੂਰਜ-ਗ੍ਰਹਿਣ ਸਮੇਂ ਹਿਰਨ ਦਾ ਮਾਸ ਰਿਨ੍ਹ ਕੇ ਸਾਰੇ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਦਾ ਖੰਡਨ ਕੀਤਾ। ਫਿਰ ਆਪ ਹਿੰਦੂਆਂ ਦੇ ਤੀਰਥ ਸਥਾਨ **ਪਹੋਏ** ਤੇ **ਜੀਂਦ** ਹੁੰਦੇ ਹੋਏ **ਸਰਸਾ** ਆਏ ਜਿੱਥੇ 4 ਮਹੀਨੇ ਰਹਿ ਕੇ ਪੀਰਾਂ ਨੂੰ ਅੱਲ੍ਹਾ ਦੀ ਅਸਲੀਅਤ ਤੋਂ ਜਾਣੂ ਕਰਵਾਇਆ। ਇੱਥੋਂ ਗੁਰੂ ਜੀ ਭਟਨੇਰ, ਵੱਡਾ ਤੀਰਥ, ਬਠਿੰਡਾ ਤੇ ਧਰਮਕੋਟ ਹੁੰਦੇ ਹੋਏ ਵਾਪਸ ਸੁਲਤਾਨਪੁਰ ਪੁੱਜੇ। ....(ਅਗਲੇ ਅੰਕ ਵਿਚ)

(ਸਰੋਤ- ਪ੍ਰਿੰ. ਸਤਬੀਰ ਸਿੰਘ ਦੀ ਪੁਸਤਕ,'ਸਾਡਾ ਇਤਿਹਾਸ')

(*ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਜੀ ਆਪਣੀ ਪਹਿਲੀ ਉਦਾਸੀ ਜਗਨਨਾਥ ਪੁਰੀ ਵਿਖੇ ਸਮਾਪਤ ਕਰ ਕੇ ਵਾਪਸ ਆ ਗਏ ਅਤੇ ਅਗਲੇ ਸਥਾਨਾਂ ਦੀ ਯਾਤਰਾ ਦੂਜੀ ਉਦਾਸੀ ਵਿੱਚ ਕੀਤੀ ਜਿਸ ਸਮੇਂ ਆਪ ਅਜਮੇਰ ਅਤੇ ਪੁਸ਼ਕਰ ਵੀ ਗਏ ਸਨ। ਉਨ੍ਹਾ ਨੇ ਪਹਿਲੀ ਉਦਾਸੀ ਦਾ ਸਮਾਂ ਵੀ 1500-1506 ਤੱਕ ਮੰਨਿਆ ਹੈ।)

❊ ❊ ❊ ❊ ❊

ਸੈਣੀ ਸੰਸਾਰ ਮੈਗਜ਼ੀਨ ਵਿੱਚ ਸਮਾਜ ਨੂੰ ਸਾਰਥਕ ਸੇਧ ਦੇਣ ਲਈ ਗਿਆਨਭਰਪੂਰ ਰੌਚਿਕ ਸਾਹਿਤਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਲਈ ਬਰਾਦਰੀ ਦੇ ਲੇਖਕਾਂ ਨੂੰ ਆਪਣੀਆਂ ਰਚਨਾਵਾਂ ਮਾਰਚ, ਜੂਨ, ਸਤੰਬਰ ਅਤੇ ਦਸੰਬਰ ਦੀ 15 ਤਾਰੀਖ ਤੱਕ ਸੈਣੀ ਭਵਨ ਰੂਪਨਗਰ ਨੂੰ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।

Life Style

## Hints for a Successful Life on the basis of Self-Experience

Baldev Singh Mudra
Mumbai



(S.Baldev Singh Mundra of Haveli kalan, now resident of Mumbai is a renowned Mine-Engineer, Administrator, Advocate and a Philanthrophist. He has started "Mata Durga Devi Mundra Memorial Scholarship" in his mother's name. For which he has donated more than **seventeen lakh rupees** to Saini Charitable Education Trust Rupnagar. He had been student of GMNSS School Rupnagar. He delivered an invaluable long lecture to students of this school on 25.4.2019 regarding the importance of Humility, Concentration, Emotional support of family and Spirit of Fellow feeling for a good life. However due to the scarcity of space some part of this lecture is being published here. Every effort will be made to give the remaining in the next issue.-Chief Editor)

### Wandering mind and Loss of Concentration in Studies.

We some time find some students complain regarding disturbance in their surrounding and thereby loss of concentration in studies. This reminds me about an interesting incident that happened in a Mumbai Gurudwara. A small child was very much enthusiastic to go to Gurudwara along with her father. She accompanied her father to Gurudwara, bowed before Guru Granth Sahib and sat near his father in the hall. Sometime later she said 'Papa I shall not come next time as I am not able to hear properly, Keertan sung by Ragis and many persons are talking.' Father replied politely 'yes we shall do what you say but please do me a favour to day.' The child agreed and asked her father what to do?

Father asked the child to go to Gurdwara kitchen and get a glass and plate. The child did this job. Father filled glass with water and put it in the plate, gave it to the child with the direction that she should take a round of the premises and ensure the water does not spill. The child returned back after some time to its place of start without any spillage. Now father asked how many persons were talking while you were walking through premises. She was stunned and said 'what are you talking Papa, I did not observe any one, I was only concentrating and focusing my attention on glass of water.'

Father explained to the child 'when we come for worship we should concentrate and direct our mind to that job only, any disturbance will not trouble us.' This is true for studies also if we are studying and some guest come to talk to other members of family, we should not get disturbed. This example is applicable in other spheres of life also.It is willingness that controls, once you have will you can focus and hit your target.

Take the incident of Mahabharat, the occasion of Swaymbar of Pricess Draupadi. A fish was hanging on vertical rotating pole at a high speed. The pole was kept in center of a big bowl full of oil. Competitor was required to see down below the fish image and pierce the eye of rotating fish. Only Arjuna could concentrate and focus his aim on the target and succeeded in the competition.

Students are required to focus on one thing (subject) at a time and then switch over to next. We have been setting our mile stone at a time in one part of our project and then achieving total project completion in the prescribed time. We always achieved our targets. We have to focus our mind on what we do.

### Misconception of Freedom/ Control.

We hear many young persons speaking about control on them by their family, friends, or other seniors. These young persons resent such things and protest saying their freedom is being taken away and according to them it hinders their development and rise in their life.

This misunderstanding about false freedom was nicely clarified by an able father. The

father took his son to field for kite flying. He asked his son to take kite to a few feet away from him while he himself held long thread. He asked his son to raise the kite above his head and leave in the air and he held the long thread in control and kite started going up slowly and steadily. After some time he asked his son to cut the string and observe the state of kite. The moment thread was cut the kite rose to some more height but in no time it went down and fell on tree and ultimately was torn. He said to his son this kite represented you (my son), the thread represented your ties with teacher family friends or other well wishers in yourindustries. These threads are not to control you they are a source of strength and protective guide line by the experienced persons for ensuring your smooth and sustained success.

It will be relevant to narrate how my mother (Shrimati Durgi Devi), totally illiterate, exercised her moral control otherwise leaving me totally free. She is no more now but her guiding principles are part of my life even today.

We belong to farmer family and had dozen milch buffaloes in addition to pair of bullocks (we hadno tractor for ploughing) and other animals required in farming. About six buffaloes were always in milk. My mother used to get up early in morning at 4 o clock and after taking bath she used to make tea before going for milking the buffaloes. Around 5 o'clock she used to wake me up holding a glass of water and glass of tea so that I may wash my face before taking tea. She also used to tell" if you feel like study or you may sleep, I am proceeding for my job of milking". Once in a while I used to sleep also but she never said that you will fail if you do not study or your father will thrash you on your failure. She demonstrated her moral control by putting extra working hours for the welfare of the family especially my studies and she had faith that her son will copy her dedication and one day he is going to succeed in life on the basis of dedication and hard work. Sometimes I used to study upto midnight, she used to come, not to spy on me but with some tea to generate a positive feeling that your mother is there to take care even at odd hours.

My mother's principle of demonstrating by doing rather than talking was use full in my carrier in ONGC , as it was a pleasure to lead and work with dedicated team mate that developed our organization. Some of our team members occupied coveted post in ONGC or elsewhere, I myself became Chairman and Managing Director of Calcutta based CPSU.

During my visit in our National Instrument Ltd Calcutta factory I found some person missing in morning. Next day I reached factory gate ten minutes before opening time of factory and stayed there for an hourafter opening time and repeated this exercise for two days more. My principle of practice what we preach worked.The attendance improved and factory started functioning with full strength thus moral control worked people felt their responsibility. Our team developed fire proof time cycle controller for Petroleum Industry.

It should be clear that teachers, parent, friends or industry senior person give guide lines for the increase of productivity, efficiency and overall development of individual as well as the surrounding hence should be taken in a positive way.

We must understand that teachers, family, friends and professional associates are well-wishers and any guiding based on their experience is support and strength and not a hurdle or hindrance.

In short humility of Lakshmana get you knowledge even from your Enemy. Focus like Arjun will help you hit the target. Support from Family and friendsmoothen and stabilize your life. Eradicating your Ego and adoption of fellow feeling towards your junior pleases every participant. All of you are the future of our nation and wish to do well for the prosperity of our country.

# ਸੈਣੀ ਵੰਸ਼ ਦਾ ਜਨਮ ਤੇ ਵਿਕਾਸ

ਐੱਸ.ਪੀ. ਸੈਣੀ
ਮੁੰਬਈ

ਬਾਲਮੀਕੀ ਰਮਾਇਣ ਅਨੁਸਾਰ ਅਯੁੱਧਿਆ ਦੇ ਰਾਜੇ ਦਸ਼ਰਥ ਦੇ ਪੁੱਤਰ ਸ਼ੱਤਰੂਘਨ ਨੇ ਮਧੂਬਨ ਦੇ ਰਾਜਾ ਲਵਣ ਨੂੰ ਮਾਰ ਕੇ ਉੱਥੇ ਮਥੁਰਾ ਨਗਰੀ ਵਸਾਈ। ਸ਼ੱਤਰੂਘਨ ਨੇ ਆਪਣੇ ਪੁੱਤਰ ਸ਼ੂਰਸੇਨ ਨੂੰ ਇਸ ਦਾ ਸ਼ਾਸਕ ਬਣਾ ਕੇ ਇਸ ਦਾ ਨਾਮ ਸ਼ੂਰਸੇਨ ਰੱਖ ਦਿੱਤਾ। ਸ਼ੂਰਸੇਨ ਦਾ ਪੁੱਤਰ **ਸੈਣੀ** ਹੋਇਆ ਜੋ ਬਾਅਦ ਵਿੱਚ ਆਪਣੀ ਬਹਾਦਰੀ ਕਾਰਨ ਸ਼ੂਰ ਉਪਾਧੀ ਗ੍ਰਹਿਣ ਕਰਕੇ **ਸ਼ੂਰ ਸੈਣੀ** ਅਖਵਾਇਆ। ਛਣਵਤ ਨਾਮਕ ਸੰਸਕ੍ਰਿਤ ਗ੍ਰੰਥ ਵਿੱਚ ਮਹਾਰਾਜਾ ਸੈਣੀ ਦੇ ਜੀਵਨ ਅਤੇ ਵੰਸ਼ ਦਾ ਵੇਰਵਾ ਮਿਲਦਾ ਹੈ। ਉਸ ਨੇ ਰਿਸ਼ੀ ਵਸ਼ਿਸ਼ਟ ਤੋਂ ਧਰਮ, ਅਰਥਗਿਆਨ, ਤੱਤ ਗਿਆਨ, ਅਤੇ ਤਰਕ-ਵਿਤਰਕ ਦੀ ਸਿੱਖਿਆ ਗ੍ਰਹਿਣ ਕਰਨ ਉਪਰੰਤ ਆਪਣੇ ਪਿਤਾ ਤੋਂ ਅਸਤ੍ਰ-ਸ਼ਸਤ੍ਰ ਦੀ ਸਿਖਲਾਈ ਪ੍ਰਾਪਤ ਕੀਤੀ। ਉਹ ਸਡੌਲ ਅਤੇ ਉੱਚੇ ਲੰਮੇ ਸਰੀਰ ਵਾਲਾ ਧਨੁਖਧਾਰੀ ਸ਼ੂਰਵੀਰ ਰਾਜਾ ਬਣਿਆ। ਪਰਜਾ ਦੀ ਰੱਖਿਆ ਕਰਨੀ, ਦੁਸ਼ਮਣਾਂ ਦਾ ਨਾਸ਼ ਕਰਨਾ ਅਤੇ ਰਾਜ ਵਿੱਚ ਸ਼ਾਂਤੀ ਸਥਾਪਿਤ ਕਰਨੀ ਉਹ ਆਪਣਾ ਧਰਮ ਸਮਝਦੇ ਸਨ।

ਰਾਜਕੁਮਾਰ ਸੈਣੀ ਦਾ ਵਿਆਹ ਵਿਧਰਬ ਦੇ ਰਾਜਾ ਭੀਸ਼ਮਕ ਦੀ ਪੁੱਤਰੀ ਸੁਰਸ਼ਨਾ ਨਾਲ ਹੋਇਆ ਜਿਸ ਤੋਂ ਪੁੱਤਰ **ਅਜੈ** ਨੇ ਜਨਮ ਲਿਆ। ਮਥੁਰਾ ਵਿਖੇ ਆਪਣੇ ਕਿਲੇ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰਨ ਉਪਰੰਤ ਮਹਾਰਾਜ ਸੈਣੀ ਆਪਣੀ ਸੈਨਾ ਸਮੇਤ ਮਇਰਾਸ਼ਟਰ ਦੀ ਸੀਮਾ 'ਤੇ ਪਹੁੰਚੇ ਤਾਂ ਰਾਜਾ ਮਇਦਾਨਵ ਦੀ ਸੈਨਾ ਨਾਲ ਟਕਰਾ ਹੋਇਆ। ਇਸ ਯੁੱਧ ਵਿੱਚ ਮਇਦਾਨਵ ਅਤੇ ਉਸ ਦਾ ਪੁੱਤਰ ਮੰਦੋਦਰ ਮਾਰੇ ਗਏ। ਇਸ ਪ੍ਰਕਾਰ ਮਇਰਾਸ਼ਟਰ 'ਤੇ ਰਾਜਾ ਸੈਣੀ ਦਾ ਅਧਿਕਾਰ ਹੋ ਗਿਆ। ਮਇਰਾਸ਼ਟਰ ਦਾ ਵਰਤਮਾਨ ਨਾਮ ਮੇਰਠ ਹੈ ਜਿਸ ਦੇ ਆਸਪਾਸ ਸੈਣੀ ਨਾਮ ਦੇ ਕਈ ਪਿੰਡ ਹਨ। ਇਸ ਸਮੇ ਆਮ ਲੋਕਾਂ ਵਿੱਚ ਪ੍ਰਾਕ੍ਰਿਤਕ ਅਤੇ ਸ਼ੌਰਸੈਣੀ ਭਾਸ਼ਾਵਾਂ ਪ੍ਰਚੱਲਿਤ ਸਨ। ਸੰਸਕ੍ਰਿਤ ਦਾ ਗਿਆਨ ਕੇਵਲ ਬ੍ਰਾਹਮਣਾ ਜਾਂ ਕੁੱਝ ਪੜ੍ਹੇ-ਲਿਖੇ ਖੱਤ੍ਰੀਆਂ ਤੇ ਵੈਸ਼ਾਂ ਨੂੰ ਹੀ ਸੀ। ਹਿੰਦੀ ਭਾਸ਼ਾ ਬਾਅਦ ਵਿੱਚ ਚਾਲੂ ਹੋਈ।

ਕੁੱਝ ਸਮੇ ਬਾਅਦ ਮਹਾਰਾਜਾ ਸ਼ੂਰ ਸੈਣੀ ਨੇ ਰਾਜ ਭਾਗ ਆਪਣੇ ਪੁੱਤਰ ਅਜੈ ਨੂੰ ਸੰਭਾਲ ਦਿੱਤਾ ਅਤੇ ਉਸ ਦਾ ਵਿਆਹ ਉਤਕਲ( ਉੜੀਸਾ) ਦੇ ਨਰੇਸ਼ ਦੇਵਰਤ ਦੀ ਪੁੱਤਰੀ ਚੰਦਰਕਾਂਤਾ ਨਾਲ ਕਰ ਦਿੱਤਾ। ਉਸ ਦੇ ਪੁੱਤਰ ਸ਼ੱਤਰੂਜੀਤ ਸੈਣੀ ਹੋਇਆ। ਛਣਵਤ ਗ੍ਰੰਥ ਵਿੱਚ ਸੈਣੀ ਵੰਸ਼ ਦੀ ਵੰਸ਼ਾਵਲੀ ਦਿੱਤੀ ਹੋਈ ਹੈ ਪਰੰਤੂ ਕਿਸ ਪੀੜ੍ਹੀ ਤੱਕ ਇਨ੍ਹਾਂ ਨੇ ਰਾਜ ਕੀਤਾ ਇਹ ਸਪਸ਼ਟ ਨਹੀਂ ਹੈ। ਜਾਪਦਾ ਹੈ ਕਿ ਕੁੱਝ ਸਮਾਂ ਰਾਜ ਕਰਨ ਉਪਰੰਤ ਸੈਣੀ ਵੰਸ਼ ਦੇ ਲੋਕ ਦੂਜੇ ਖੱਤਰੀ ਰਾਜਿਆਂ ਦੇ ਅਧੀਨ ਪ੍ਰਮੁੱਖ ਪੱਦਵੀਆਂ 'ਤੇ ਬਿਰਾਜਮਾਨ ਰਹੇ ਅਤੇ ਬਾਅਦ ਵਿੱਚ ਆਪਣਾ ਆਜ਼ਾਦ ਰਾਜ ਸਥਾਪਿਤ ਕਰਨ ਦੇ ਉਦੇਸ਼ ਨਾਲ ਮੱਧ ਭਾਰਤ ਵਿੱਚ ਜਾ ਵਸੇ।

ਮਿਹਨਤੀ, ਉੱਦਮੀ ਅਤੇ ਉਤਸ਼ਾਹੀ ਸੈਣੀ ਲੋਕਾਂ ਨੇ ਮੱਧ ਭਾਰਤ ਦੇ ਜੰਗਲਾਂ ਦੀ ਉੱਚੀ-ਨੀਵੀਂ ਤੇ ਮਾਰੂਥਲੀ ਧਰਤੀ ਤੋਂ ਜੰਗਲ ਕੱਟ ਕੇ ਉਸ ਨੂੰ ਖੇਤੀਯੋਗ ਬਣਾ ਲਿਆ ਜਿੱਥੇ ਉਨ੍ਹਾਂ ਨੇ ਆਪਣਾ ਰਾਜ ਸਥਾਪਿਤ ਕਰਕੇ ਸੈਣੀ ਵੰਸ਼ ਦੀ 22ਵੀਂ ਪੀੜ੍ਹੀ ਦੇ **ਕਰਮਵੀਰ ਸੈਣੀ ਅਥਵਾ ਕਾਮ ਸੈਣੀ** ਦੇ ਪੁੱਤਰ **ਲਕਛਮਣ ਸੇਨ** ਨੂੰ ਰਾਜਾ ਥਾਪ ਦਿੱਤਾ। ਉਸ ਦਾ ਵਿਆਹ ਚੌਲ( ਤੰਜੌਰ) ਦੀ ਰਾਜਕੁਮਾਰੀ ਚੰਦਰਵਤੀ ਨਾਲ ਹੋਇਆ ਜਿਸ ਦੇ ਪੁੱਤਰ **ਮਾਲਵਸੇਨ** ਪੈਦਾ ਹੋਇਆ। ਲਕਸ਼ਮਨਸੇਨ ਨੇ ਇਸ ਰਾਜ ਦਾ ਨਾਮ ਮਾਲਵ ਰੱਖਿਆ। ਮਾਲਵਸੇਨ ਦਾ ਵਿਆਹ ਪੰਜਾਬ ਨਰੇਸ਼, ਵਸੁਦੇਵ ਦੀ ਪੁੱਤਰੀ ਇੰਦੂਮਤੀ ਨਾਲ ਹੋਇਆ ਜਿਸ ਦੇ ਘਰ ਪੁੱਤਰ, **ਭਦਰੇਸ਼ਵਰ ਸੈਣੀ** ਨੇ ਜਨਮ ਲਿਆ। ਸੈਣੀ ਵੰਸ਼ ਦੀ 52ਵੀਂ ਪੀੜ੍ਹੀ ਦੇ **ਵੀਰਸਾਲਸੇਨ** ਆਖਰੀ ਸੈਣੀ ਰਾਜਾ ਹੋਏ। ਰਾਜਾ ਵੀਰਸਾਲ ਸੇਨ ਨੂੰ ਉਸ ਦੇ ਸੈਨਾਪਤੀ ਵੀਰਮਹਾ ਨੇ ਮਾਰ ਕੇ ਇੰਦਰਪ੍ਰਸਥ 'ਤੇ ਰਾਜ ਸਥਾਪਿਤ ਕਰ ਲਿਆ। ਸੈਣੀ ਵੰਸ਼ ਦੀਆਂ 14 ਪੀੜ੍ਹੀਆਂ ਨੇ ਇੰਦਰਪ੍ਰਸਥ 'ਤੇ ਰਾਜ ਕੀਤਾ।

ਮੌਰੀਆ ਰਾਜ ( ਈ.ਪੂ. 325- ਈ.ਪੂ. 185) ਤੱਕ ਸੂਰਜਵੰਸ਼ੀ, ਚੰਦਰਵੰਸ਼ੀ ਅਤੇ ਨਾਗਵੰਸ਼ੀ ਖੱਤਰੀ ਰਾਜਿਆਂ ਦਾ ਰਾਜ ਰਿਹਾ। ਇਸ ਸਮੇਂ ਬੌਧ ਧਰਮ ਵਿਆਪਕ ਸੀ ਅਤੇ ਵੈਦਿਕ ਧਰਮ ਲਗਭਗ ਖਤਮ ਹੋ ਚੁੱਕਾ ਸੀ। ਇਸ ਤੋਂ ਬ੍ਰਾਹਮਣ ਲੋਕ ਬਹੁਤ ਤੰਗ ਸਨ। ਮੌਰੀਆ ਵੰਸ਼ ਦੇ ਆਖਰੀ ਰਾਜਾ ਬ੍ਰਿਹਦ੍ਰਥ ਮੌਰੀਆ ਨੂੰ ਉਸ ਦੇ ਬ੍ਰਾਹਮਣ ਸੈਨਾਪਤੀ, ਪੁਸ਼ਯਮਿੱਤ੍ਰ ਸ਼ੁੰਗ ਨੇ ਕਤਲ ਕਰ ਕੇ ਰਾਜਭਾਗ 'ਤੇ ਕਬਜ਼ਾ ਕਰ ਲਿਆ ਅਤੇ ਵੈਦਿਕ ਧਰਮ ਨੂੰ ਰਾਜ-ਧਰਮ ਬਣਾ ਦਿੱਤਾ। ਇਸ ਨਾਲ ਵਰਣ-ਵੰਡ ਲਾਗੂ ਕਰ ਦਿੱਤੀ ਗਈ। ਬੌਧ ਧਰਮ ਦੇ ਗ੍ਰੰਥ ਅਤੇ ਕੇਂਦਰ ਨਸ਼ਟ ਕਰ ਦਿੱਤੇ ਗਏ, ਬੌਧ ਵਿਦਵਾਨ ਮਾਰ ਦਿੱਤੇ ਗਏ ਅਤੇ ਕਈ ਦੂਜੇ ਦੇਸ਼ਾਂ ਨੂੰ ਭੱਜ ਗਏ। ਇਸ ਦੇ ਨਾਲ ਹੀ ਬੌਧ ਧਰਮ ਦੇ ਪੈਰੋਕਾਰ ਖੱਤਰੀਆਂ ਦੇ ਸਾਰੇ ਅਧਿਕਾਰ ਖੋਹ ਲਏ ਗਏ ਅਤੇ ਇਨ੍ਹਾਂ ਨੂੰ ਸ਼ੂਦਰ ਕਿਹਾ ਜਾਣ ਲੱਗਾ। ਇਸ ਪ੍ਰਕਾਰ ਸੈਣੀ, ਕੁਸ਼ਵਾਹਾ, ਸ਼ਾਕਯ, ਮੌਰੀਆ ਅਤੇ ਹੋਰ ਖੱਤਰੀਆਂ ਤੋਂ ਰਾਜ ਦੀ ਰੱਖਿਆ ਕਰਨ ਦਾ ਅਧਿਕਾਰ ਖੋਹ ਲਿਆ ਗਿਆ। ਸਾਰੀ ਖੇਤੀਯੋਗ ਜ਼ਮੀਨ ਅਤੇ ਪਸ਼ੂ ਖੱਤਰੀਆਂ ਤੋਂ ਲੈ ਕੇ ਵੈਸ਼ਾਂ ਨੂੰ ਦੇ ਦਿੱਤੀ ਗਈ। ਇਸ ਲਈ ਸਾਡੇ ਪੂਰਵਜ ਜੋ ਕਿ ਖੇਤੀ ਦੇ ਮਾਹਿਰ ਸਨ, ਵੈਸ਼ਾਂ ਦੀ ਜ਼ਮੀਨ 'ਤੇ ਹਿੱਸੇਦਾਰੀ ਨਾਲ ਖੇਤੀ ਕਰਨ ਲਈ ਮਜ਼ਬੂਰ ਹੋ ਗਏ। ਸਾਲਾਂਬੱਧੀ ਪੀੜ੍ਹੀ ਦਰ ਪੀੜ੍ਹੀ ਵਿਸ਼ੇਸ਼ ਕਿੱਤਾ ਕਰਨ ਲਈ ਪਾਬੰਦ ਹੋ ਜਾਣ ਕਾਰਨ ਸਮਾਜ, ਵੰਸ਼-ਵੰਡ ਤੋਂ ਜਾਤੀ-ਵੰਡ ਵਿੱਚ ਤਬਦੀਲ ਹੋ ਗਿਆ। ਜਿਹੜਾ ਵੀ ਕੋਈ ਕੰਮ ਕਰਦਾ ਸੀ ਉਸ ਅਨੁਸਾਰ ਹੀ ਉਸ ਦੀ ਜਾਤ ਬਣ ਗਈ।

ਇਸ ਪ੍ਰਕਾਰ ਸ਼ੂਰਸੇਨ ਰਾਜ ਅਤੇ ਇੰਦਰਪ੍ਰਸਥ ਰਾਜਾਂ ਦੇ ਸੈਣੀ ਵੰਸ਼ ਦੇ ਖੱਤਰੀਆਂ ਦੀ ਜਾਤ, **ਸੈਣੀ** ਬਣ ਗਈ, ਜਿਨ੍ਹਾਂ ਦਾ ਰਵਾਇਤੀ ਕਿੱਤਾ ਗੰਨਾਂ, ਅੰਨ, ਦਾਲਾਂ, ਤਿਲ ਅਤੇ ਸਬਜ਼ੀਆਂ ਪੈਦਾ ਕਰਨਾ ਹੋ ਗਿਆ। ਇਹ ਜਾਤ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ, ਜੰਮੂ ਕਸ਼ਮੀਰ, ਦਿੱਲੀ, ਚੰਡੀਗੜ੍ਹ ਅਤੇ ਉੱਤਰਾਖੰਡ ਵਿੱਚ ਪਾਈ ਜਾਂਦੀ ਹੈ। ਪੱਛਮੀ ਉੱਤਰਪ੍ਰਦੇਸ਼ ਅਤੇ ਉੱਤਰਾਖੰਡ ਦੇ ਸੈਣੀ ਆਪਣੇ ਆਪ ਨੂੰ ਰਾਜਾ ਭਗੀਰਥ ਸੈਣੀ ਦੇ ਵੰਸ਼ਜ ਮੰਨ ਕੇ **ਭਗੀਰਥੀ ਸੈਣੀ** ਕਹਿਲਾਉਂਦੇ ਹਨ। ਇਨ੍ਹਾਂ ਰਾਜਾਂ ਦੇ ਕੁੱਝ ਜ਼ਿਲ੍ਹਿਆਂ ਵਿੱਚ ਸੈਣੀ ਵੰਸ਼ ਦੇ ਲੋਕ ਬਾਗਵਾਨੀ ਦਾ ਕੰਮ ਕਰਦੇ ਹਨ ਜਿਸ ਕਾਰਨ **ਬਾਗਵਾਨ ਜਾਤ** ਦੇ ਅਖਵਾਉਂਦੇ ਹਨ। ਮਾਲਵ ਅਤੇ ਮਾਲਪ੍ਰਸਥ ਆਬਾਦ ਕਰਨ ਵਾਲੇ ਮਾਲਵਸੇਨ ਸੈਣੀ ਦੇ ਵੰਸ਼ਜ ਮਾਲਵੀ ਸੈਣੀ ਕਹਿਲਾਏ ਜੋ ਸਬਜ਼ੀਆਂ, ਫੁੱਲਾਂ ਅਤੇ ਫਲ਼ਾਂ ਦੀ ਖੇਤੀ ਕਰਨ ਕਾਰਨ ਬਾਂਅਦ ਵਿੱਚ **ਮਾਲੀ ਜਾਤ** ਵਿੱਚ ਬਦਲ ਗਏ। ਇਸ ਪ੍ਰਕਾਰ ਸੈਣੀ ਵੰਸ਼ ਦੇ ਲੋਕ ਭਿੰਨ ਭਿੰਨ ਇਲਾਕਿਆਂ ਵਿੱਚ ਸੈਣੀ ਜਾਤ, ਬਾਗਵਾਨ ਜਾਤ ਅਤੇ ਮਾਲੀ ਜਾਤ, ਤਿੰਨ ਨਾਵਾਂ ਨਾਲ ਜਾਣੇ ਜਾਂਦੇ ਹਨ।

*ਹਿੰਦੀ ਵਿੱਚ ਪੁਸਤਕ, 'ਕਸ਼ਤ੍ਰੀਜ ਵੰਸ਼: ਉਦਭਵ ਅਤੇ ਵਿਕਾਸ'

❋ ❋ ❋ ❋ ❋



## ਗ਼ਜ਼ਲ

ਬਲਬੀਰ ਸਿੰਘ ਸੈਣੀ
ਨੰਗਲ

ਜਦੋਂ ਝਾਂਜਰ ਛਣਕਦੀ ਹੈ, ਨਜ਼ਾਰਾ ਹੋਰ ਹੁੰਦਾ ਹੈ।
ਕਿਸੇ ਕੈਦੀ ਦੀ ਬੇੜੀ ਦਾ ਸ਼ਰਾਰਾ ਹੋਰ ਹੁੰਦਾ ਹੈ।
ਇਹ ਜਾਣਨ ਜਾਣਨੇ ਵਾਲੇ, ਇਹ ਸਮਝਣ ਸਮਝਣੇ ਵਾਲੇ,
ਬੁਲਾਵਾ ਹੋਰ ਹੁੰਦਾ ਹੈ, ਇਸ਼ਾਰਾ ਹੋਰ ਹੁੰਦਾ ਹੈ।
ਤੂੰ ਛਿੱਲੜ ਚਾਰ ਦੇ ਕੇ, ਸਮਝ ਨਾ ਦਿੱਤਾ ਸਹਾਰਾ ਮੈਂ,
ਸਹਾਇਤਾ ਹੋਰ ਹੁੰਦੀ ਹੈ, ਸਹਾਰਾ ਹੋਰ ਹੁੰਦਾ ਹੈ।
ਜਿਨ੍ਹੂੰ ਦੋ ਵਕਤ ਦੀ ਰੋਟੀ ਦੇ ਲਾਲੇ ਹੋਣ, ਉਹ ਜਾਣੇ,
ਅਯਾਸ਼ੀ ਹੋਰ ਹੁੰਦੀ ਹੈ, ਗੁਜ਼ਾਰਾ ਹੋਰ ਹੁੰਦਾ ਹੈ।
ਤੇਰੀ ਹਸਤੀ ਹੈ ਕੀ "ਸੈਣੀ" ਤੂੰ ਭੁੱਲਦਾ ਕਿਉਂ ਏਂ ਇਸ ਗੱਲ ਨੂੰ,
ਟਟਹਿਣਾ ਹੋਰ ਹੁੰਦਾ ਹੈ ਤੇ ਤਾਰਾ ਹੋਰ ਹੁੰਦਾ ਹੈ।

## ਸੇਵਾ

ਹਾਕਮ ਸਿੰਘ 'ਨੋਤਿਆਂ'

ਸੇਵਾ ਸ਼ਬਦ ਅਨਮੋਲ ਹੈ ਜੱਗ ਉੱਤੇ,
ਜਿਹਦਾ ਕੋਈ ਵੀ ਮੁੱਲ ਨਹੀ ਪਾ ਸਕਦਾ।
ਇਹ ਚੀਜ਼ ਨਹੀਂ ਦੱਸਣ ਦਿਖਾਉਣ ਵਾਲੀ,
ਇਹਦਾ ਕੋਈ ਵੀ ਭੇਦ ਨਹੀ ਪਾ ਸਕਦਾ।
ਇਹਦਾ ਸੁਆਦ ਹੈ ਗੂੰਗੇ ਮਠਿਆਈ ਵਰਗਾ,
ਮੂੰਹੋਂ ਕੁੱਝ ਨਹੀਂ ਕਹਿ ਸੁਣਾ ਸਕਦਾ।
ਸੇਵਾ ਕਰਕੇ ਆਤਮਾ ਖੁਸ਼ ਹੋਵੇ,
ਤਾਹੀਉਂ ਰੱਬ ਦੇ ਦੁਆਰ ਨੂੰ ਜਾ ਸਕਦਾ।
ਸੇਵਾ ਸਭ ਤੋਂ ਉੱਚੀ ਹੈ ਮਾਪਿਆਂ ਦੀ,
ਐਵੇਂ ਭਰਮ ਭੁਲੇਖੇ ਵਿੱਚ ਆਇਉ ਨਾ।
ਪੂਜਾ ਰੱਬ ਦੀ ਸੇਵਾ ਹੈ ਮਾਪਿਆਂ ਦੀ,
ਬਾਹਰ ਰੱਬ ਨੂੰ ਲੱਭਣ ਜਾਇਉ ਨਾ।
ਮਾਤਾ ਪਿਤਾ ਬਜ਼ੁਰਗ ਜੇ ਹੋਣ ਘਰ ਵਿੱਚ,
ਤਾਂ ਤੀਰਥ ਨਹਾਉਣ ਦਾ ਕੀ ਫਾਇਦਾ?
ਸੇਵਾ ਮਾਪਿਆਂ ਦੀ ਜੇ ਨਹੀਂ ਕਰ ਸਕਦੇ,
ਡੇਰੇ ਦੁਆਰਿਆਂ 'ਤੇ ਜਾਣ ਦਾ ਕੀ ਫਾਇਦਾ?
ਜੀਓਂਦੇ ਜੀਅ ਪਾਣੀ ਤਾਂ ਪੁੱਛਦੇ ਨੀ,
ਮਰੇ ਘਿਉ ਪਾਉਣ ਦਾ ਕੀ ਫਾਇਦਾ?
ਬਿਰਧ ਮਾਪਿਆਂ ਦੀ ਸੇਵਾ ਜੇ ਨਹੀਂ ਕਰ ਸਕਦੇ,
ਮਗਰੋਂ ਲੰਗਰ ਲਾਉਣ ਦਾ ਕੀ ਫਾਇਦਾ?
ਦੁਨੀਆਂ ਵਾਲਿਉ ਮਾਪੇ ਨੇ ਰੂਪ ਰੱਬ ਦਾ,
ਐਵੇਂ ਥਾਂ ਥਾਂ 'ਤੇ ਸਿਰ ਝੁਕਾਇਉ ਨਾ।
ਪੂਜਾ ਰੱਬ ਦੀ ਸੇਵਾ ਹੈ ਮਾਪਿਆਂ ਦੀ,
ਬਾਹਰ ਰੱਬ ਨੂੰ ਲੱਭਣ ਜਾਇਉ ਨਾ।
ਯੁਗ ਪੈਸੇ ਦਾ ਲਾਈਫ ਹੈ ਬਿਜ਼ੀ ਬਹੁਤੀ,
ਪੈਸੇ ਨਾਲ ਹੀ ਸੇਵਾ ਕਮਾਈ ਜਾਂਦੇ।
ਬਿਰਧ ਆਸ਼ਰਮਾਂ ਵਿੱਚ ਰਹਿਣ ਮਾਪੇ,
ਚੈੱਕ ਰਾਹੀਂ ਫੀਸ ਭਰਾਈ ਜਾਂਦੇ।
ਬੱਚਿਆਂ ਕੋਲ ਨਹੀਂ ਸਮਾ ਬੈਠਣੇ ਦਾ,
ਫੋਨ ਰਾਹੀਂ ਹੀ ਗੱਲ ਕਰਾਈ ਜਾਂਦੇ।
ਅਸੀਂ ਫਿਊਚਰ ਦੇਖਣਾ ਆਪਣੇ ਬੱਚਿਆਂ ਦਾ,
ਤੁਸੀਂ ਐਵੇਂ ਹੀ ਘਬਰਾਈ ਜਾਂਦੇ।
ਆਉਣਾ ਜ਼ਰੂਰ ਸੀ, ਬੱਟ ਸਮਾ ਹੈ ਨਹੀਂ,
'ਹਾਕਮ ਸਿੰਘ' ਨੂੰ ਐਵੇਂ ਸਤਾਇਉ ਨਾ।



# ਸ਼ਰਧਾ ਦੀ ਕੀਮਤ

**ਦਵਿੰਦਰ ਸਿੰਘ ਜਟਾਣਾ**
ਰੂਪਨਗਰ

ਮਹਾਤਮਾ ਬੁੱਧ ਦੇ ਸਮੇ ( 480 ਈ.ਪੂ.) ਵੈਸ਼ਾਲੀ, ਖ਼ੁਸ਼ਹਾਲ ਲੋਕਾਂ ਦੀਆਂ ਰੌਣਕਾਂ ਨਾਲ ਘੁੱਗ ਵਸਦਾ ਸ਼ਹਿਰ ਸੀ। ਲਿੱਛਵੀ ਵੰਸ਼ ਦੇ ਛੇ ਰਾਜਿਆਂ ਨੇ ਆਪਣੇ ਆਪਣੇ ਰਾਜਾਂ ਨੂੰ ਮਿਲਾ ਕੇ ਇੱਕ ਸਾਂਝੀ ਗਣਤੰਤਰ ਸਥਾਪਿਤ ਕੀਤੀ ਜਿਸ ਨੂੰ ਲਿੱਛਵੀ ਗਣਰਾਜ ਕਹਿੰਦੇ ਸਨ। ਇਸ ਦੀ ਰਾਜਧਾਨੀ ਵੈਸ਼ਾਲੀ ਸੀ। ਇਸ ਦਾ ਰਾਜ-ਪ੍ਰਮੁੱਖ ਬੜਾ ਸ਼ਕਤੀਸ਼ਾਲੀ ਮਹਾਰਾਜਾ ਅਖਵਾਉਂਦਾ ਸੀ।

ਸ਼ੱਕ ਵੰਸ਼ ਦਾ ਯੁਵਰਾਜ ਗੌਤਮ ਜਿਹੜਾ ਇੱਕ ਹਨੇਰੀ ਸੁੰਨਸਾਨ ਰਾਤ ਵਿੱਚ ਜੁਆਨ ਉਮਰੇ ਕਪਿਲਵਸਤੂ ਦੇ ਮਹਿਲ ਛੱਡ ਕੇ ਮੰਗਤਾ ਹੋ ਗਿਆ ਸੀ, ਇਨ੍ਹੀ ਦਿਨੀ ਰਾਜਗ੍ਰਹਿ ਨਾਂ ਦੇ ਸ਼ਹਿਰ ਵਿੱਚ ਟਿਕਿਆ ਹੋਇਆ ਸੀ। ਲੋਕ ਉਸ ਨੂੰ ਸ਼ੱਕਮੁਨੀ, ਮਹਾਮੁਨੀ, ਤਥਾਗਤ, ਮਹਾਂ ਸ਼ਰੱਸਣ, ਮਹਾਤਮਾ ਅਤੇ ਬੁੱਧ ਆਦਿਕ ਨਾਵਾਂ ਨਾਲ ਸੰਬੋਧਿਤ ਕਰਦੇ। ਉਸ ਨੂੰ ਪਤਾ ਸੀ ਕਿ ਹੁਣ ਉਸ ਦਾ ਸੰਸਾਰ ਤੋਂ ਵਿਦਾ ਹੋਣ ਦਾ ਸਮਾਂ ਆ ਗਿਆ ਹੈ। ਉਹ ਰਾਗ੍ਰਹਿ ਦੀ ਤਾਂ ਕੁਸ਼ੀਨਗਰ (ਕੁਸੀਨਾਰ) ਜਾ ਕੇ ਸਰੀਰ ਤਿਆਗਣ ਦਾ ਇੱਛੁੱਕ ਸੀ। ...ਉਸ ਨੇ (ਆਪਣੇ ਸ਼ਿਸ਼), ਆਨੰਦ ਨੂੰ ਬੁਲਾਇਆ ਤੇ ਕਿਹਾ, "ਕੁਸੀਨਾਰ ਜਾਣਾ ਹੈ, ਆਨੰਦ। ਵੈਸ਼ਾਲੀ ਦੇ ਰਾਸਤੇ ਹੋ ਕੇ ਚਲਾਂਗੇ"। ਉਹ ਤੁਰੇ ਤੇ ਵੈਸ਼ਾਲੀ ਨਗਰ ਅੱਪੜ ਗਏ। ਬੁੱਧ ਕਮਜ਼ੋਰ ਹੋ ਗਿਆ ਸੀ। ਵੈਸ਼ਾਲੀ ਪੁੱਜ ਕੇ ਆਨੰਦ ਨੇ ਕੁੱਝ ਦਿਨ ਆਰਾਮ ਕਰਨ ਦੀ ਸਲਾਹ ਦਿੱਤੀ ਤਾਂ ਉਹ ਮੰਨ ਗਏ।

ਸਾਬੱਥੀ ਸ਼ਹਿਰ ਦੀ ਸੁੰਦਰੀ, ਨਰਤਕੀ ਤੇ ਗਾਇਕਾ ਅਮਰਪਾਲੀ, ਵੈਸ਼ਾਲੀ ਵਿੱਚ ਰਹਿ ਰਹੀ ਸੀ। ਇੱਥੇ ਇਸ ਦਾ ਵੱਡਾ ਬਾਗ ਸੀ ਜਿਸ ਵਿੱਚ ਆਲੀਸ਼ਾਨ ਹਵੇਲੀ ਸੀ ਤੇ ਇਸ ਵਿੱਚ ਬਹੁਤ ਸਾਰਾ ਧਨ। ਇਸ ਨਰਤਕੀ ਨੂੰ ਸੱਦਾ ਦੇਣ ਦੀ ਸਮਰਥਾ ਕੇਵਲ ਰਾਜਿਆਂ ਪਾਸ ਹੀ ਸੀ। ਉਹ ਬੁੱਧ ਪਾਸ ਆਈ। ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਬੁੱਧ ਆਪਣੇ ਭਿੱਖੂਆਂ ਸਮੇਤ ਉਸ ਦੀ ਹਵੇਲੀ ਆ ਕੇ ਭੋਜਨ ਛਕਣ। ਮਹਾਂਸ਼ਰੱਮਣ ਨੇ ਉਸ ਦੀ ਬੇਨਤੀ ਪ੍ਰਵਾਨ ਕੀਤੀ ਤਾਂ ਉਹ ਪ੍ਰਸੰਨਤਾ ਨਾਲ ਵਾਪਿਸ ਚਲੀ ਗਈ।

ਇਹ ਖਬਰ ਲਿੱਛਵੀ ਸਮਰਾਟ ਨੂੰ ਮਿਲੀ ਤਾਂ ਉਸ ਨੂੰ ਦੁੱਖ ਹੋਇਆ। ਧਨ ਦੇ ਕੇ ਜਿਸ ਕੁੜੀ ਨੂੰ ਕੋਈ ਵੀ ਨੱਚਣ ਲਈ ਬੁਲਾ ਸਕਦਾ ਹੈ, ਸ਼ਾਕਯਮੁਨੀ ਸਿਧਾਰਥ ਉਸ ਦੇ ਘਰ ਜਾਣਗੇ? ਸਾਧ ਸੰਤ ਤਾਂ ਉਸ ਪਾਸਿਓਂ ਦੀ ਨਹੀਂ ਲੰਘਦੇ। ਰਾਜੇ ਤੇ ਰਾਜਕੁਮਾਰ ਉੱਧਰ ਨਹੀਂ ਜਾਂਦੇ- ਦਿਲ ਕਰੇ ਤਾਂ ਉਸ ਨੂੰ ਆਪਣੇ ਪਾਸ ਸੱਦ ਲੈਂਦੇ ਹਨ। ਪਰ ਇਹ ਸਾਧੂ ਜਿਹੜਾ ਯੁਵਰਾਜ ਵੀ ਹੈ, ਅਮਰਪਾਲੀ ਦੀ ਹਵੇਲੀ ਜਾਏਗਾ? ਲਿੱਛਵੀ ਨੂੰ ਦੁੱਖ ਹੋਇਆ। ਉਸ ਨੇ ਫੈਸਲਾ ਕੀਤਾ ਕਿ ਉਹ ਬੁੱਧ ਨੂੰ ਉੱਥੇ ਨਹੀਂ ਜਾਣ ਦੇਵੇਗਾ। ਪਰ ਉਸ ਪਾਸ ਇਹ ਕਹਿਣ ਦੀ ਹਿੰਮਤ ਨਹੀਂ ਸੀ ਕਿ ਜਾਏ ਤੇ ਮਨਾਹੀ ਕਰ ਦਏ, ਪਰ ਉਹ ਰੋਕੇਗਾ। ਉਹ ਬੁੱਧ ਪਾਸ ਗਿਆ। ਚਰਨੀ ਹੱਥ ਲਾਏ। ਬੁੱਧ ਨੇ ਬੈਠਣ ਦਾ ਇਸ਼ਾਰਾ ਕੀਤਾ ਤਾਂ ਉਹ ਧਰਤੀ ਉੱਤੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਕਹਿਣ ਲੱਗਾ, ' ਹੇ ਸ਼ਾਕਯਮੁਨੀ! ਮੇਰੀ ਇੱਛਾ ਹੈ ਕਿ ਆਪ ਨੂੰ ਪ੍ਰਸ਼ਾਦਾ ਛਕਾਵਾਂ ਸੰਘ ਸਮੇਤ। ਕੀ ਮੰਜ਼ੂਰ ਕਰੋਗੇ?" ਬੁੱਧ ਨੇ ਹਾਂ ਵਿੱਚ ਸਿਰ ਹਿਲਾਇਆ। ਸਿਧਾਰਥ ਨੇ ਫਿਰ ਪੁੱਛਿਆ, " ਕਿਸ ਦਿਨ?" ਲਿੱਛਵੀ ਨੇ ਉਹੀ ਦਿਨ ਕਿਹਾ ਜਿਹੜਾ ਅਮਰਪਾਲੀ ਲਈ ਨਿਸ਼ਚਿਤ ਹੋਇਆ ਸੀ।

ਬੁੱਧ ਨੇ ਕਿਹਾ, " ਮਿੱਤਰ! ਇਸ ਦਿਨ ਅੰਬਾਪਾਲੀ ਦੀ ਹਵੇਲੀ ਜਾਵਾਂਗਾ। ਕੋਈ ਹੋਰ ਦਿਨ ਦੱਸੋ?" ਲਿੱਛਵੀ ਨੇ ਕਿਹਾ, " ਤਾਂ ਅੱਜ ਅੰਬਾਪਾਲੀ ਵੱਡੀ ਹੈ, ਹੇ ਮਹਾਰਾਜ? ਅਸੀਂ ਸਭ ਉਸ ਤੋਂ ਛੋਟੇ ਰਹਿ ਗਏ ਹਾਂ?"

ਬੁੱਧ ਨੇ ਕਿਹਾ, " ਅਮਰਪਾਲੀ ਵੱਡੀ ਨਹੀਂ ਹੈ। ਤੁਸੀਂ ਅਤੇ ਮੈਂ ਵੱਡੇ ਨਹੀਂ ਹਾਂ। ਧਰਮ ਵੱਡਾ ਹੈ। ਇਕਰਾਰ ਧਰਮ ਦੀ ਜੜ੍ਹ ਹੈ। ਮੈਂ ਉੱਥੇ ਇਕਰਾਰ ਅਨੁਸਾਰ ਜਾਵਾਂਗਾ। ਤੁਸੀਂ ਵੀ ਮੇਰੇ ਨਾਲ ਚੱਲਣਾ। ਸੰਘ ਚਲੇਗਾ"।


ਲਿੱਛਵੀ ਅਮਰਪਾਲੀ ਪਾਸ ਗਿਆ ਤੇ ਕਹਿਣ ਲੱਗਾ, " ਅਮਰਪਾਲੀ! ਜੇ ਤੂੰ ਬੁੱਧ ਨੂੰ ਭੋਜਨ ਛਕਾਉਣ ਦਾ ਸੱਦਾ ਵਾਪਿਸ ਲੈ ਲਵੇਂ ਤਾਂ ਮਹਿਲ ਵਿੱਚ ਇਹ ਸੇਵਾ ਕਰ ਸਕਦਾ ਹਾਂ ਤੇ ਇਸ ਬਦਲੇ ਤੈਨੂੰ ਇੱਕ ਲੱਖ ਰੁਪਏ ਦੇਣ ਲਈ ਤਿਆਰ ਹਾਂ"।

ਅਮਰਪਾਲੀ ਨੇ ਕਿਹਾ, " ਲੱਖ ਰੁਪਏ ਤਾਂ ਕੀ, ਲੱਖ ਦੇਸ਼ ਵੀ ਉਸ ਖਾਣੇ ਬਦਲੇ ਨਹੀਂ ਲਵਾਂਗੀ ਮਹਾਰਾਜ। ਉਹ ਇੱਥੇ ਮੇਰੇ ਘਰ ਆਉਣਗੇ। ਇਹ ਮੇਰੇ ਲਈ ਅਮੁੱਲ ਸੌਗਾਤ ਹੈ"।

ਸਭ ਅਮਰਪਾਲੀ ਦੀ ਹਵੇਲੀ ਲੰਗਰ ਛਕਣ ਗਏ। ਵਾਪਸ ਆਉਣ ਲੱਗੇ ਤਾਂ ਅਮਰਪਾਲੀ ਨੇ ਹੱਥ ਜੋੜ ਕੇ ਕਿਹਾ, " ਮੇਰੀ ਇੱਕ ਪ੍ਰਾਰਥਨਾ ਹੈ ਸੁਆਮੀ! ਮੋੜਨੀ ਨਾਂਹ। ਘਣਾ ਫੈਲਿਆ ਇਹ ਵਿਸ਼ਾਲ ਬਾਗ ਮੈਂ ਆਪ ਦੇ ਚਰਨਾਂ ਵਿੱਚ ਭੇਂਟ ਕਰਦੀ ਹਾਂ। ਮੇਰਾ ਹੋਰ ਟਿਕਾਣਾ ਨਹੀਂ ਹੈ। ਜਿੰਨਾਂ ਚਿਰ ਸਾਹ ਹਨ ਇੱਥੇ ਰਹਿਣ ਦੀ ਆਗਿਆ ਦੇ ਦਿਓ। ਮੇਰੇ ਪਿੱਛੋਂ ਕੋਠੀ, ਸਾਮਾਨ, ਧਨ, ਇਹ ਆਪਦਾ ਹੋਵੇ"। ਬੁੱਧ ਨੇ ਉਸ ਦੀ ਬੇਨਤੀ ਮੰਨੀ ਤੇ ਬਾਗ ਸੰਘ ਨੂੰ ਦੇ ਦਿੱਤਾ।

( ਥੋੜ੍ਹੇ ਦਿਨਾਂ ਬਾਅਦ ਬੁੱਧ ਨੇ ਕੁਸੀਨਗਰ ਜਾ ਕੇ ਸਰੀਰ ਤਿਆਗ ਦਿੱਤਾ। ਜਦੋਂ ਉਸ ਦੀ ਅਰਥੀ ਲੈ ਕੇ ਸ਼ਮਸ਼ਾਨਘਾਟ ਵੱਲ ਲੈ ਕੇ ਤੁਰੇ ਤਾਂ ਅਮਰਪਾਲੀ ਕਾਫਲੇ ਦੇ ਅੱਗੇ ਆਪਣੇ ਜਥੇ ਸਮੇਤ ਸ਼ਮਸ਼ਾਨਘਾਟ ਤੱਕ ਨੱਚਦੀ ਗਈ।)

– ਡਾ. ਹਰਪਾਲ ਸਿੰਘ ਪੰਨੂ ਦੀ ਪੁਸਤਕ, ' ਗੌਤਮ ਤੋਂ ਤਾਸਕੀ ਤੱਕ' ਵਿੱਚੋਂ ਧੰਨਵਾਦ ਸਹਿਤ



## NEW FIVE YEAR MEMBERS OF "SAINI SANSAR"

Continued from page 17 of 33rd Issue

796. **S. Tarlochan Singh**
Near Khalsa School, Ropar

797. **S. Pritpal Singh**
1693/23, Gandhi Nagar, Ropar

798. **S. Sital Singh**
Randhir Singh Nagar, Ludhiana

799. **S. Jagtar Singh**
Canal View Colony, Ropar

800. **Dr. Ranbir Singh Balgir**
# B004/00424, Dashmesh Nagar, Ropar

801. **Smt. Surinder Kaur**
VPO Thana, Teh. A.P.S., Distt. Ropar

802. **S. Jaswinder Singh**
VPO Abiana Kalan, Teh. APS. (Ropar)

803. **S. Balbir Singh**
Vill. Jhanjowal, Distt. Hoshiarpur

804. **S. Karamjeet Singh Ladalwala**
Saini Bhavan Road, Ropar

805. **S. Gurnam Singh**
Vill. Shampura, Distt. Ropar

806. **S. Harjeet Singh Dangi**
Vill. Haveli Kalan, Distt. Ropar

807. **S. Smt. Surinder Kaur**
# 73, Ranjit Avenue, Ropar

808. **S. Jaswinder Singh**
Vill. Guonmajra, Distt. Ropar

809. **S. Gurmail Singh Sarpanch**
Vill. Kotla Tapprian, Distt. Ropar

810. **Smt. Sukhwinder Kaur Sarpanch**
Vill. Thali Khurd, Distt. Ropar

811. **S. P.P. Singh Dilgir**
343A, Ward No. 8, Fidgal Rd, Rajkot,

812. **S. Jagir Singh**
Vill. Kherabad, Distt. Ropar

813. **S. Surjit Singh**
VPO Panjaur, Distt. Hoshiarpur

814. **S. Baldev Singh kanungo (Retd.)**
VPO Machiwara Sahib (Ludhiana)

815. **S. Gurvir Singh Pabla**
Navi Mumbai, Maharashtra

816. **S. Pariminder Saini**
Guru Teg Bahadur Nagar, Ropar

817. **S. Harinder Singh**
# 136, Market GZS Nagar, Ropar

818. **S. Surjit Singh Socta**
Socta Finance, Nawanshahr

819. **Smt. Shubh Saini**
Nawanhshahr

Compiled by:
**Ajmer Singh Dhamrait**



## New Life Members of Saini Bhawan

Continued from page 17 of 33rd Issue



**Sh. Jagat Ram,** Rtd. Postmaster
S/o Sh. Nikka Ram
V&PO- Dabhota, Teh. Nalagarh,
Distt.-Solan ( H.P.)



**S. Karamjit Singh**
S/o S. Harbans Singh,
H.N. 72/A-2, Saini Bhawan
Road, Rupnagar



**Arch. Ranjit Singh**
S/o Dr. Sadhu Singh,
S.S. Architects, Gagan Chowk,
Rajpura,Distt. Patiala

Compiled by:
**Gurcharan Singh**



## America, The Beautiful

*Arja Singh
Dallas (USA)

From the glaciers of Alaska to the crystal clear waters of Key West, Florida, America is packed with scenic views and beautiful sceneries. some of these are :

**Most Beautiful Fjords** – A Fjord is a steep inlet created by glaciers, and Alaska features some of the most breathtaking examples. Kenai Fjords National Park at Seward in Alaska is nature's iciest creations. Nearly 40 glaciers flow from the Harding Ice field, Kenai Fjords' crowning feature. Wildlife thrives in icy waters and lush forests around this vast expanse of ice.



**Most Beautiful Tree-** The Angel Oak Tree is located near Charleston, Johns Island, South Carolina. It is estimated to be 400 to 500 years old! The impressive tree is thought to be one of the oldest living organisms east of the Mississippi River. It stands 65 feet (20m or 6 stories) tall, is 28 ft (8.5 m) in circumference, and an area of 17,000 square feet is shaded by its tentacular crown. The largest branch reaches 187 feet.



**Most Beautiful Waters-** Dry Tortugas National Park with its spectacular 19th Century Fort Jefferson. Consists mostly of water and seven small islands. It is located about 70 miles from Key West. It lies in magnificent blue waters surrounded by a variety of healthy coral reefs and diverse marine life. There is also a large colony of migratory and tropical birds. You can get to the park using your own boat, a chartered boat, a seaplane, or the ferry.



**Most Beautiful Greenery;** In Oneonta Gorge, Oregon bountiful plants of any kind are always alluring, but the mix of aquatic and woodland is undoubly enchanting. The 2.7 mile trail around the gorge is a great place to visit for both beginner and expert hikers alike, Comprises four waterfalls (Lower Falls, Middle Falls, Upper Falls and Triple Falls), what makes the hike memorable is how hikers gain access to Lower Oneonta Falls. To get there, hikers must wade upstream from the creek's outlet. Depending on the season, water can be shallow or waist-deep.



**Most Beautiful Glaciers :**

There are scant few places where you can experience every stage of the water cycle at once. But there's magic in the Mendenhall Ice Caves, where water runs over rocks and under frozen bright-blue ceilings inside a partially hollow glacier. The Mendenhall Glacier is a 12-mile-long glacier in the Mendenhall Valley, only 12 miles from downtown Juneau in southeast Alaska. Inside the glacier are the stunning blue ice caves, accessible only to those willing to kayak to the edge of the ice and then climb over the glacier



**Most Beautiful Desert :** In this below-sea-

level basin, steady drought and record summer heat make Death Valley a land of extremes. Yet,



each extreme has a striking contrast. Towering peaks are frosted with winter snow. Rare rainstorms bring vast fields of wildflowers. Lush oases harbor tiny fish and refuge for wildlife and humans. Despite its morbid name, a great diversity of life survives in Death Valley.

**Most Beautiful Landmark :** The Thomas Jefferson Memorial, modeled after the Pantheon of Rome, is America's foremost memorial to third President. As an original adaptation of Neoclassical architecture, it is a key landmark in the monumental core of



Washington, DC The circular, colonnaded structure in the classic style was introduced to this country by Thomas Jefferson. One of the five quotes engraved on the inside of the memorial is "I have sworn upon the altar of God eternal hostility against every form of tyranny over the mind of man."

**Most Beautiful Lake :** The 2 million year old lake runs through both California and Nevada. Surrounded by the Sierra Nevada Mountains



on all sides, Lake Tahoe's waters are so clear you can see 70 feet deep. This lake has one of the cleanest water in the whole country, giving it it's iconic deep blue color. You can see the panoramic Emerald Bay State Park or go to one of the many ski resorts on the mountains.

* Student of VIth Class

❊ ❊ ❊

## ਪੰਜਾਬ ਗਰੀਬ ਪਰ ਇਸ ਦੇ ਨੁਮਾਇੰਦੇ ਅਮੀਰ

ਪੰਜਾਬ ਦੇ ਨੌਜਵਾਨ ਬੇਰੁਜ਼ਗਾਰੀ ਕਾਰਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ, ਕਿਸਾਨ ਕਰਜ਼ੇ ਹੇਠ ਦੱਬੇ ਖੁਦਕੁਸ਼ੀਆਂ ਕਰ ਰਹੇ ਹਨ, ਮੁਲਾਜ਼ਮ ਤਨਖਾਹਾਂ ਤੇ ਮਹਿੰਗਾਈ ਭੱਤੇ ਨੂੰ ਤਰਸ ਰਹੇ ਹਨ, ਕਾਰੋਬਾਰੀ ਮੰਦੇ ਕਾਰਨ ਸੂਬੇ ਤੋਂ ਬਾਹਰ ਭੱਜ ਰਹੇ ਹਨ ਅਤੇ ਸਾਰੇ ਸਰਕਾਰੀ ਅਦਾਰੇ ਘਾਟੇ ਵਿੱਚ ਜਾ ਰਹੇ ਹਨ। ਇਨ੍ਹਾਂ ਸਭ ਦਾ ਬਹਾਨਾ ਹੈ ਸੂਬੇ ਦੀ ਮਾੜੀ ਆਰਥਿਕ ਹਾਲਤ ਭਾਵ ਖਜ਼ਾਨਾ ਖਾਲੀ। ਜਦੋਂ ਪੰਜਾਬੀ ਲੋਕ ਮਿਹਨਤ ਕਰਦੇ ਹਨ ਅਤੇ ਪਹਿਲਾਂ ਨਾਲੋਂ ਵੀ ਵੱਧ ਸਭ ਟੈਕਸ ਦੇ ਰਹੇ ਹਨ ਤਾਂ ਇਹ ਪੈਸੇ ਕਿੱਧਰ ਜਾ ਰਹੇ ਹਨ? ਇਸ ਪ੍ਰਸ਼ਨ ਦਾ ਜਵਾਬ ਚੋਣ ਕਮਿਸ਼ਨ ਦੇ ਅੰਕੜੇ ਦਿੰਦੇ ਹਨ। ਦੇਸ਼ ਦੀ 17ਵੀਂ ਲੋਕ ਸਭਾ ਲਈ ਪੰਜਾਬ ਤੋਂ ਚੁਣੇ ਗਏ 13 ਮੈਂਬਰਾਂ ਦੀ ਔਸਤ ਜਾਇਦਾਦ 32.5 ਕਰੋੜ ਪ੍ਰਤੀ ਮੈਂਬਰ ਹੈ। ਪਿਛਲੀ ਲੋਕ ਸਭਾ ਵਿੱਚ ਇਹ ਔਸਤ 18.23 ਕਰੋੜ ਸੀ। ਇਸ ਪ੍ਰਕਾਰ ਪੰਜਾਬ ਦੇ ਲੋਕ ਨੁਮਾਇੰਦਿਆਂ ਦੀ ਜਾਇਦਾਦ ਵਿੱਚ 78% ਤੋਂ ਵੀ ਵੱਧ ਵਾਧਾ ਹੋਇਆ ਹੈ। ਇਸ ਸਮੇ ਸਭ ਤੋਂ ਵੱਧ ਸਰਮਾਏਦਾਰ ਪੰਜਾਬ 'ਤੇ ਪਿਛਲੇ 10 ਸਾਲ ਰਾਜ ਕਰਦੀ ਰਹੀ ਅਕਾਲੀ ਦਲ ਪਾਰਟੀ ਦੇ ਸੁਖਬੀਰ ਸਿੰਘ ਬਾਦਲ( ਸਾ.ਉੱਪ ਮੁੱਖਮੰਤਰੀ) ਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਬਾਦਲ ਕੇਂਦਰੀ ਮੰਤਰੀ) ਹਨ ਜਿਨ੍ਹਾਂ ਦੀ ਸਵੈਐਲਾਨੀ ਜਾਇਦਾਦ ਦੋ-ਦੋ ਸੌ ਕਰੋੜ ਰੁਪਏ ਹੈ।

## ਵਧਾਈ



ਰੂਪਨਗਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਕੋਟਲਾ ਨਿਹੰਗ ਦੇ ਸੈਣੀ ਪਰਿਵਾਰ ਦੀ ਧੀ ਕੰਵਲਪੁਨੀਤ ਕੌਰ ਨੇ ਪੀ.ਸੀ.ਐਸ. ਅਧਿਕਾਰੀ ਬਣ ਕੇ ਆਪਣੇ ਇਲਾਕੇ ਅਤੇ ਬਰਾਦਰੀ ਦਾ ਨਾਂ ਰੌਸ਼ਨ ਕੀਤਾ ਹੈ। ਪਿਤਾ ਸ. ਨਰਿੰਦਰ ਸਿੰਘ ਟਾਂਕ ਅਤੇ ਮਾਤਾ ਸ਼੍ਰੀਮਤੀ ਮਹਿੰਦਰ ਕੌਰ ਦੀ ਇਸ ਹੋਣਹਾਰ ਧੀ ਨੇ ਸਕੂਲੀ ਸਿੱਖਿਆ ਹੋਲੀ ਫੈਮਿਲੀ ਸਕੂਲ ਰੂਪਨਗਰ ਤੋਂ ਹਾਸਲ ਕਰਕੇ ਐਮ.ਐਸ.ਸੀ. ਦੀ ਡਿਗਰੀ ਦੇਸ਼ ਦੀ ਮਾਣਮੱਤੀ ਸਿੱਖਿਆ ਸੰਸਥਾ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ( ਆਈਸ਼ਰ) ਮੋਹਾਲੀ ਤੋਂ ਪ੍ਰਾਪਤ ਕੀਤੀ। ਇਸ ਮਾਣਭਰਪੂਰ ਪ੍ਰਬੰਧਕੀ ਅਹੁਦੇ ਲਈ ਚੁਣੇ ਜਾਣ ਤੋਂ ਪਹਿਲਾਂ ਉਹ ਸਾਇੰਟਿਫਿਕ ਅਫਸਰ ਅਤੇ ਬੈਂਕ ਅਧਿਕਾਰੀ ਰਹਿ ਚੁੱਕੀ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ, ਕੰਵਲਪੁਨੀਤ ਕੌਰ ਦੇ ਇਸ ਸਫਲਤਾ 'ਤੇ ਮਾਣ ਮਹਿਸੂਸ ਕਰਦੇ ਹੋਏ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦੇ ਹਨ।

ਬੱਚਿਆਂ ਲਈ ਕਹਾਣੀ

# ਘੋੜੇ ਦਾ ਆਂਡਾ

**ਹਰਜੀਤ ਸਿੰਘ ਗਿਰਨ**
ਸੈਣੀ ਭਵਨ ਰੂਪਨਗਰ



ਬਹੁਤ ਸਮਾਂ ਪਹਿਲਾਂ ਇਕ ਅਮੀਰ ਵਪਾਰੀ ਸੀ। ਉਸ ਦਾ ਵਪਾਰ ਦਿਨੋ ਦਿਨ ਵਧਦਾ ਜਾ ਰਿਹਾ ਸੀ। ਉਸ ਨੂੰ ਦੂਰ-ਦੁਰਾਡੇ ਥਾਵਾਂ 'ਤੇ ਜਾਣਾ ਪੈਂਦਾ ਸੀ। ਜਿਸ ਲਈ ਉਸ ਨੇ ਇੱਕ ਚੰਗੇ ਤੇ ਤਾਕਤਵਰ ਘੋੜੇ ਦੀ ਲੋੜ ਮਹਿਸੂਸ ਕੀਤੀ।

ਉਹ ਕਈ ਮੰਡੀਆਂ ਵਿੱਚ ਗਿਆ ਜਿੱਥੇ ਘੋੜੇ ਵੇਚੇ ਜਾਂਦੇ ਸਨ। ਉੱਥੇ ਉਸ ਨੂੰ ਕੋਈ ਵੀ ਘੋੜਾ ਪਸੰਦ ਨਹੀਂ ਆਇਆ। ਕਿਸੇ ਨੇ ਉਸ ਨੂੰ ਸਲਾਹ ਦਿੱਤੀ ਕਿ ਜੇ ਤੂੰ ਸਚੁਮੱਚ ਹੀ ਚੰਗਾ ਘੋੜਾ ਚਾਹੁੰਦਾ ਹੈਂ ਤਾਂ ਤੈਨੂੰ 'ਭੁਟੂਆ' ਘੋੜਾ ਖਰੀਦਣਾ ਚਾਹੀਦਾ ਹੈ। ਇਹ ਇੱਕ ਦਿਨ ਵਿੱਚ ਐਨਾ ਫਾਸਲਾ ਤੈਅ ਕਰ ਸਕਦਾ ਹੈ ਜਿੰਨਾ ਇੱਕ ਸਾਧਾਰਨ ਘੋੜਾ ਸੱਤਾਂ ਦਿਨਾਂ ਵਿੱਚ ਕਰੇਗਾ।

ਉਸ ਵਪਾਰੀ ਨੇ ਭੁਟੂਆ ਘੋੜਾ ਲੈਣ ਦਾ ਮਨ ਬਣਾ ਲਿਆ। ਉਹ ਇਲਾਕੇ ਦੀ ਸਭ ਤੋਂ ਵੱਡੀ ਮੰਡੀ ਵਿੱਚ ਗਿਆ। ਜਿਵੇਂ ਹੀ ਉਹ ਏਧਰ-ਉਧਰ ਵੇਖ ਰਿਹਾ ਸੀ ਤਾਂ ਇੱਕ ਚਾਲਬਾਜ਼ ਨੇ ਉਸ ਨੂੰ ਦੇਖ ਲਿਆ ਜੋ ਪੇਠੇ ਵੇਚ ਰਿਹਾ ਸੀ। ਉਸ ਨੂੰ ਵਪਾਰੀ ਦੀਆਂ ਹਰਕਤਾਂ ਤੋਂ ਪਤਾ ਲੱਗ ਗਿਆ ਕਿ ਇਸ ਨੂੰ ਆਸਾਨੀ ਨਾਲ ਫਸਾਇਆ ਜਾ ਸਕਦਾ ਹੈ। ਜਿਵੇਂ ਹੀ ਵਪਾਰੀ ਉਸ ਆਦਮੀ ਦੀ ਦੁਕਾਨ ਕੋਲੋਂ ਲੰਘਣ ਲੱਗਾ ਤਾਂ ਉਸ ਨੇ ਪੁੱਛਿਆ, " ਸ਼੍ਰੀਮਾਨ ਜੀ! ਤੁਸੀਂ ਕੀ ਖਰੀਦਣਾ ਚਾਹੁੰਦੇ ਹੋ ? ਜੋ ਸਕਦਾ ਹੈ, ਮੈਂ ਤੁਹਾਡੀ ਕੋਈ ਮਦਦ ਕਰ ਸਕਾਂ"।

ਉਸ ਆਦਮੀ ਦੇ ਗੱਲ ਕਰਨ ਦੇ ਢੰਗ ਨੂੰ ਦੇਖਦਿਆਂ ਵਪਾਰੀ ਕਹਿਣ ਲੱਗਾ, " ਮਿੱਤਰ! ਮੈਂ ਭੁਟੂਆ ਘੋੜੇ ਦੀ ਤਲਾਸ਼ ਵਿੱਚ ਹਾਂ। ਕੀ ਤੁਸੀਂ ਦੱਸ ਸਕਦੇ ਹੋ ਕਿ ਮੈਨੂੰ ਇਹ ਕਿੱਥੋਂ ਮਿਲੇਗਾ?"

" ਸ਼੍ਰੀਮਾਨ ਜੀ! ਤੁਸੀਂ ਠੀਕ ਥਾਂ 'ਤੇ ਪਹੁੰਚ ਗਏ ਹੋ। ਮੇਰੀ ਸਲਾਹ ਮੰਨੋ। ਅਵਲ ਤਾਂ ਭੁਟੂਆ ਘੋੜਾ ਤੁਹਾਨੂੰ ਮਿਲੇਗਾ ਨਹੀਂ, ਜੇ ਮਿਲ ਵੀ ਗਿਆ ਤਾਂ ਇਹ ਬਹੁਤ ਮਹਿੰਗਾ ਮਿਲੇਗਾ। ਮੇਰੇ ਕੋਲ ਭੁਟੂਆ ਘੋੜੇ ਦੇ ਆਂਡੇ ਹਨ। ਤੁਸੀਂ ਇੱਕ ਖਰੀਦ ਲਵੋ। ਇਸ ਵਿੱਚੋਂ ਜਲਦੀ ਹੀ ਬੱਚਾ ਨਿਕਲ ਆਵੇਗਾ ਅਤੇ ਤੁਹਾਨੂੰ ਸਸਤੇ ਵਿੱਚ ਹੀ ਇੱਕ ਸੁੰਦਰ ਤੇ ਸ਼ਕਤੀਸ਼ਾਲੀ ਘੋੜੇ ਦਾ ਵਛੇਰਾ ਮਿਲ ਜਾਵੇਗਾ"।

ਵਪਾਰੀ ਨੂੰ ਇਹ ਸਲਾਹ ਜਚ ਗਈ। "ਤੁਸੀਂ ਇੱਕ ਆਂਡੇ ਦਾ ਕੀ ਮੁੱਲ ਲਵੋਗੇ?" ਉਸ ਨੇ ਦੁਕਾਨਦਾਰ ਨੂੰ ਪੁੱਛਿਆ।

" ਹੈ ਤਾਂ ਇਹ ਮਹਿੰਗਾ, ਪਰ ਤੁਹਾਡੇ ਲਈ ਇਸ ਦਾ ਮੁੱਲ ਇੱਕ ਹਜ਼ਾਰ ਟਕਾ ਹੋਵੇਗਾ"।

ਵਪਾਰੀ ਨੇ ਤੁਰੰਤ ਇੱਕ ਵੱਡਾ ਸਾਰਾ ਪੀਲਾ ਪੇਠਾ ਖਰੀਦ ਲਿਆ ਅਤੇ ਇੱਕ ਹਜ਼ਾਰ ਟਕਾ ਦੇ ਦਿੱਤਾ।

ਇਸ ਦੇ ਨਾਲ ਹੀ ਪੱਤੇਬਾਜ਼ ਨੇ ਵਪਾਰੀ ਨੂੰ ਖਬਰਦਾਰ ਕਰਦਿਆਂ ਕਿਹਾ, " ਇੱਕ ਜ਼ਰੂਰੀ ਗੱਲ ਦਾ ਧਿਆਨ ਰੱਖਣਾ! ਇਸ ਆਂਡੇ ਨੂੰ ਆਪਣੇ ਮੋਢੇ 'ਤੇ ਚੁੱਕੀ ਰੱਖਣਾ। ਜੇ ਤੁਸੀਂ ਇਸ ਨੂੰ ਹੇਠਾਂ ਰੱਖਿਆ ਤਾਂ ਇਸ ਵਿੱਚੋਂ ਵਛੇਰਾ ਨਿਕਲ ਕੇ ਭੱਜ ਜਾਵੇਗਾ"।

ਉਸ ਵਪਾਰੀ ਨੇ ਪੇਠੇ ਨੂੰ ਆਪਣੇ ਮੋਢੇ 'ਤੇ ਰੱਖ ਲਿਆ ਅਤੇ ਆਪਣੇ ਪਿੰਡ ਵੱਲ ਚੱਲ ਪਿਆ। ਸੂਰਜ ਛੁਪ ਗਿਆ ਸੀ ਅਤੇ ਹਨੇਰਾ ਹੁੰਦਾ ਜਾ ਰਿਹਾ ਸੀ। ਪਿੰਡ ਅਜੇ ਦੂਰ ਸੀ। ਉਹ ਤੁਰਦਾ ਤੁਰਦਾ ਥੱਕ ਗਿਆ। ਉਹ ਇੱਕ ਬੋਹੜ ਦੇ ਦਰਖਤ ਹੇਠਾਂ ਆਰਾਮ ਕਰਨ ਲਈ ਬੈਠ ਗਿਆ ਅਤੇ ਪੇਠਾ ਆਪਣੇ ਪਾਸ ਹੀ ਹੇਠਾਂ ਰੱਖ ਲਿਆ। ਉਸ ਨੇ ਆਰਾਮ ਕਰਨ ਲਈ ਅੱਖਾਂ ਬੰਦ ਕਰ ਲਈਆਂ। ਤਦੇ ਹੀ ਇੱਕ ਲੂੰਬੜ ਦੌੜਦਾ ਹੋਇਆ ਓਧਰ ਆਇਆ। ਉਸ ਨੇ ਪੇਠਾ ਦੇਖਿਆ ਅਤੇ ਉਤਸੁਕਤਾ ਨਾਲ ਇਸ 'ਤੇ ਜ਼ੋਰ ਨਾਲ ਪੰਜਾ ਮਾਰਿਆ। ਪੇਠਾ ਪਾਟ ਗਿਆ। ਇਸ ਤੋਂ ਡਰ ਕੇ ਲੂੰਬੜ ਦੌੜ ਗਿਆ।

ਸੁੱਕਿਆਂ ਪੱਤਿਆਂ ਉੱਤੇ ਭੱਜ ਰਹੇ ਲੂੰਬੜ ਦੀ ਆਵਾਜ਼ ਤੇ ਸ਼ੋਰ ਨੂੰ ਸੁਣ ਕੇ ਵਪਾਰੀ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਨੇ ਪੇਠੇ ਵੱਲ ਵੇਖਿਆ ਜੋ ਟੁੱਟਾ ਪਿਆ ਸੀ। ਉਹ ਭੱਜੇ ਜਾਂਦੇ ਜਾਨਵਰ ਨੂੰ ਦੇਖ ਕੇ ਹੈਰਾਨ ਹੋ ਗਿਆ। ਉਸ ਨੇ ਸਮਝਿਆ ਕਿ ਉਹ ਵਛੇਰਾ ਸੀ ਜਿਹੜਾ ਟੁੱਟੇ ਹੋਏ ਆਂਡੇ ਵਿੱਚੋਂ ਨਿਕਲਿਆ ਸੀ। ਉਹ ਇਹ ਸੋਚਦਾ ਹੋਇਆ ਜਾਨਵਰ ਦੇ ਪਿੱਛੇ ਭੱਜਿਆ ਕਿ ਜੇ ਇਹ ਜਨਮਦਿਆਂ ਸਾਰ ਹੀ ਏਨਾ ਤੇਜ਼ ਭੱਜ ਸਕਦਾ ਹੈ ਤਾਂ ਵੱਡਾ ਹੋ ਕੇ ਕਿੰਨਾਂ ਤੇਜ਼ ਭੱਜੇਗਾ?

ਆਪਣੇ ਪਿੱਛੇ ਭੱਜੇ ਆਉਂਦੇ ਆਦਮੀ ਨੂੰ ਦੇਖ ਕੇ ਲੂੰਬੜ ਘਬਰਾ ਗਿਆ। ਉਹ ਸੁੱਕੇ ਘਾਹ ਦੇ ਢੇਰ ਵਿੱਚ ਛੁਪ ਕੇ ਬੈਠ ਗਿਆ। ਵਪਾਰੀ ਨੇ ਇਸ ਘਾਹ ਦੇ ਢੇਰ 'ਤੇ ਸੋਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸਬੱਬ ਨਾਲ ਇੱਕ ਸ਼ੇਰ ਵੀ ਸੁੱਕੇ ਘਾਹ ਦੇ ਇਸ ਢੇਰ ਵਿੱਚ ਬੈਠਾ ਹੋਇਆ ਸੀ। ਸੋਟੀ ਸ਼ੇਰ ਨੂੰ ਜਾ ਵੱਜੀ। ਸ਼ੇਰ ਬਾਹਰ ਨਿਕਲਿਆ ਅਤੇ ਭੱਜ ਪਿਆ। ਹੁਣ ਵਪਾਰੀ ਹੋਰ ਵੀ ਹੈਰਾਨ ਹੋ ਗਿਆ। ਉਸ ਨੇ ਸੋਚਿਆ, " ਮਿੰਟਾਂ ਵਿੱਚ ਹੀ ਵਛੇਰਾ ਏਨਾ ਵੱਡਾ ਕਿਵੇਂ ਹੋ ਸਕਦਾ ਸੀ?" ਉਹ ਆਪਣੀ ਇਸ ਖਰੀਦ 'ਤੇ ਬੇਹੱਦ ਪ੍ਰਸੰਨ ਸੀ। ਉਸ ਨੂੰ ਵਿਸ਼ਵਾਸ ਆ ਗਿਆ ਕਿ ਆਂਡੇ ਵਿੱਚੋਂ ਨਿਕਲਿਆ ਘੋੜਾ ਉਸ ਦੀ ਬਹੁਮੁੱਲੀ ਮਲਕੀਅਤ ਹੋਵੇਗਾ। ਹੁਣ ਇਸ ਜਾਨਵਰ ਪਿੱਛੇ ਭੱਜਣਾ ਅਤੇ ਇਸ ਨੂੰ ਫੜਨਾ ਵਪਾਰੀ ਲਈ ਜ਼ਰੂਰੀ ਹੋ ਗਿਆ ਸੀ।

ਆਖੀਰ ਜਦੋਂ ਸ਼ੇਰ ਭੱਜਦਾ ਭੱਜਦਾ ਥੱਕ ਗਿਆ ਤਾਂ ਉਹ ਢਿੱਲਾ ਪੈ ਗਿਆ। ਵਪਾਰੀ ਨੇ ਸ਼ੇਰ ਨੂੰ ਫੜ ਲਿਆ ਅਤੇ ਉਸ ਦੀ ਪਿੱਠ 'ਤੇ ਚੜ੍ਹ ਕੇ ਬੈਠ ਗਿਆ। ਉਸ ਨੇ ਸ਼ੇਰ ਦੀ ਪਿੱਠ ਨੂੰ ਥਪਥਪਾਇਆ ਅਤੇ ਕਹਿਣ ਲੱਗਾ, " ਪੁੱਤਰਾ! ਹੇਰਾਫੇਰੀ

ਕਰਨ ਦੀ ਕੋਈ ਲੋੜ ਨਹੀਂ, ਬੰਦਿਆਂ ਵਾਂਗੂੰ ਮੈਨੂੰ ਫਟਾਫਟ ਘਰ ਲੈ ਚੱਲ''।

ਸ਼ੇਰ ਫਿਰ ਭੱਜਣ ਲੱਗਾ। ਰਾਤ ਬੀਤ ਗਈ ਅਤੇ ਸਵੇਰ ਹੋ ਗਈ। ਜਿਉਂ ਹੀ ਸੂਰਜ ਨਿਕਲਿਆ, ਆਕਾਸ਼ ਦਾ ਪੂਰਬੀ ਭਾਗ ਲਾਲ ਸੂਹਾ ਹੋ ਗਿਆ। ਦਿਨ ਦੀ ਚਾਨਣੀ ਵਿੱਚ ਵਪਾਰੀ ਨੇ ਵੇਖਿਆ ਕਿ ਉਹ ਤਾਂ ਸ਼ੇਰ ਉੱਤੇ ਚੜ੍ਹਿਆ ਹੋਇਆ ਸੀ ਤਾਂ ਉਹ ਡਰ ਦਾ ਮਾਰਾ ਕੰਬਣ ਲੱਗਾ। ਪਰ ਸ਼ੇਰ ਦੌੜਦਾ ਹੀ ਜਾ ਰਿਹਾ ਸੀ। ਹੁਣ ਉਸ ਆਦਮੀ ਨੂੰ ਆਪਣੀ ਜਾਨ ਬਚਾਉਣ ਦੀ ਚਿੰਤਾ ਲਗ ਗਈ। ਇਸ ਲਈ ਜਦੋਂ ਸ਼ੇਰ ਇੱਕ ਦਰਖਤ ਦੇ ਥੱਲਿਉਂ ਲੰਘਣ ਲੱਗਾ ਤਾਂ ਵਪਾਰੀ ਨੇ ਇੱਕ ਝੁਕੇ ਹੋਏ ਟਾਹਣੇ ਨੂੰ ਹੱਥ ਪਾ ਲਿਆ। ਇਸ ਤੋਂ ਬੇਖਬਰ ਸ਼ੇਰ ਦੌੜਦਾ ਹੀ ਚਲਾ ਗਿਆ।

ਥੋੜ੍ਹੇ ਸਮੇਂ ਪਿੱਛੋਂ ਵਪਾਰੀ ਦਰਖਤ ਤੋਂ ਥੱਲੇ ਉੱਤਰਿਆ। ਉਹ ਬਹੁਤ ਘਬਰਾਇਆ ਹੋਇਆ ਸੀ। ਉੱਥੋਂ ਲੰਘ ਰਹੇ ਕੁੱਝ ਲੋਕਾਂ ਨੇ ਉਸ ਨੂੰ ਉਸ ਦੇ ਘਰ ਪਹੁੰਚਾਇਆ।

ਹੁਣ ਜੇ ਕੋਈ ਉਸ ਵਪਾਰੀ ਕੋਲ ਭੂਟੂਆ ਸ਼ਬਦ ਦਾ ਨਾਂ ਵੀ ਲੈਂਦਾ ਤਾਂ ਉਹ ਗੁੱਸੇ ਨਾਲ ਲਾਲ-ਪੀਲਾ ਹੋ ਜਾਂਦਾ ਸੀ। ਉਹ ਇਸ ਸ਼ਬਦ ਨੂੰ ਆਪਣੀ ਰਹਿੰਦੀ ਜ਼ਿੰਦਗੀ ਤੱਕ ਭੁੱਲ ਜਾਣਾ ਚਾਹੁੰਦਾ ਸੀ। ਉਸ ਨੂੰ ਇਹ ਜ਼ਰੂਰ ਸਮਝ ਆ ਗਈ ਕਿ ਬਿਨਾਂ ਸੋਚੇ-ਸਮਝੇ ਕਿਸੇ ਦੇ ਪਿੱਛੇ ਲੱਗਣਾ ਮੂਰਖਤਾ ਹੈ।

– ਬੰਗਲਾਦੇਸ਼ੀ ਕਹਾਣੀ

❋❋❋

## ਵਧਾਈ



ਰੂਪਨਗਰ ਜ਼ਿਲ੍ਹੇ ਦੇ ਨਹਿਰੂ ਯੁਵਾ ਕੇਂਦਰ ਦੇ ਯੂਥ ਕੋਆਰਡੀਨੇਟਰ ਸ਼੍ਰੀ ਸੁਰਿੰਦਰ ਸੈਣੀ ਤਰੱਕੀ ਹਾਸਲ ਕਰ ਕੇ ਆਪਣੇ ਮਹਿਕਮੇ ਦੇ ਡਿਪਟੀ ਡਾਇਰੈਕਟਰ ਬਣ ਗਏ ਹਨ। ਆਪ ਨੇ 13 ਸਾਲ ਰੂਪਨਗਰ ਜ਼ਿਲ੍ਹੇ ਵਿੱਚ ਸੇਵਾ ਕਰ ਕੇ ਯੂਥ ਕਲੱਬਾਂ ਰਾਹੀਂ ਨਸ਼ਿਆਂ ਦੇ ਸੇਵਨ ਅਤੇ ਕੁੜੀਮਾਰ ਜਿਹੀਆਂ ਸਮਾਜਿਕ ਬੁਰਾਈਆਂ ਵਿਰੁੱਧ ਸਫਲ ਮੁਹਿੰਮ ਚਲਾਈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਰਾਜਪੁਰ ਭਾਈਆਂ ਵਿੱਚ ਜੰਮੇਪਲੇ ਸ਼੍ਰੀ ਸੈਣੀ ਆਪਣੇ ਨਿਮਰ ਅਤੇ ਮਿਲਣਸਾਰ ਸੁਭਾ ਸਦਕਾ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਵਿੱਚ ਹਰਮਨ ਪਿਆਰੇ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪਣੇ ਇਸ ਉਤਸ਼ਾਹੀ ਅਧਿਕਾਰੀ ਦੀ ਤਰੱਕੀ 'ਤੇ ਮਾਣ ਮਹਿਸੂਸ ਕਰਦੇ ਹਨ ਅਤੇ ਕਾਮਨਾ ਕਰਦੇ ਹਨ ਕਿ ਉਹ ਆਪਣੀ ਨਵੀਂ ਉਚੇਰੀ ਜ਼ਿੰਮੇਵਾਰੀ ਨੂੰ ਪੂਰੀ ਸਫਲਤਾ ਨਾਲ ਨਿਭਾਉਂਦੇ ਹੋਏ ਬੁਲੰਦੀਆਂ ਨੂੰ ਛੂਹਣਗੇ।



ਗੁਆਚ ਰਿਹਾ ਬਹੁਮੁੱਲਾ ਪੰਜਾਬੀ ਸੱਭਿਆਚਾਰ

## ਲੋਰੀਆਂ

**ਮਨਜੀਤ ਕੌਰ ਅੰਬਾਲਵੀ**

ਲੋਰੀ ਪੰਜਾਬੀ ਸੱਭਿਆਚਾਰ ਦਾ ਅਨਮੋਲ ਖਜ਼ਾਨਾ ਹੈ। ਇਹ ਇੱਕ ਸੰਬੋਧਨੀ ਕਾਵਿ-ਵੰਨਗੀ ਹੈ ਜੋ ਨਵਜਨਮੇ ਬੱਚੇ ਤੋਂ ਲੈ ਕੇ ਪੰਜ ਕੁ ਸਾਲ ਦੇ ਬੱਚੇ ਲਈ ਰਾਖਵੀਂ ਹੁੰਦੀ ਹੈ। ਲੋਰੀ ਦੁਨੀਆਂ ਦਾ ਪਹਿਲਾ ਲੋਕ-ਗੀਤ ਮੰਨਿਆਂ ਜਾਂਦਾ ਹੈ। ਜਦੋਂ ਮਾਂ ਬੱਚੇ ਨੂੰ ਹਿੱਕ ਨਾਲ ਲਾ ਕੇ ਦਿਲੀ ਜ਼ਜ਼ਬਾਤ ਸਾਂਝੇ ਕਰਦੀ ਹੈ ਤਾਂ ਲੋਰੀ ਦਾ ਜਨਮ ਹੁੰਦਾ ਹੈ। ਲੋਰੀ ਬੱਚੇ ਲਈ ਇਕ ਸੁਪਨਮਈ ਸੰਸਾਰ ਦੀ ਸਿਰਜਣਾ ਕਰਦੀ ਹੈ। ਅੱਜ ਦੀ ਰੁਝੇਵੇਂਭਰੀ ਜ਼ਿੰਦਗੀ ਵਿੱਚੋਂ ਇਹ ਮਨਫੀ ਹੋ ਗਈ ਹੈ। ਆਪਣੀ ਇਸ ਵਿਰਾਸਤ ਨੂੰ ਸੰਭਾਲਣ ਦੀ ਜ਼ਰੂਰਤ ਹੈ। ਇਸ ਵਿੱਚੋਂ ਵੰਨਗੀ ਦਿੱਤੀ ਜਾ ਰਹੀ ਹੈ।

ਮਿੱਠੀਆਂ ਮਿੱਠੀਆਂ ਲੋਰੀਆਂ
ਖੰਡ ਦੀਆਂ ਕਟੋਰੀਆਂ
ਮੁੰਨਾ ਖੰਡ ਖਾਵੇਗਾ
ਦਾਦੀ ਦਾ ਜਸ ਗਾਵੇਗਾ।

ਮਿੱਠੀਆਂ ਮਿੱਠੀਆਂ ਲੋਰੀਆਂ
ਦੁੱਧ ਦੀਆਂ ਕਟੋਰੀਆਂ
ਮੁੰਨਾ ਦੁੱਧ ਪੀਵੇਗਾ
ਪੀਵੇਗਾ ਜੁੱਗ ਜੀਵੇਗਾ
ਦੁੱਧ ਮਲਾਈ ਖਾਵੇਗਾ
ਮੋਟਾ ਹੁੰਦਾ ਜਾਵੇਗਾ।

ਮਿੱਠੀਆਂ ਮਿੱਠੀਆਂ ਲੋਰੀਆਂ
ਗੰਨੇ ਦੀਆਂ ਕਟੋਰੀਆਂ
ਦਾਦਾ ਗੰਨਾ ਲਿਆਵੇਗਾ
ਮਿੱਠਾ ਗੁੜ ਬਣਾਵੇਗਾ
ਮੁੰਨਾ ਗੁੜ ਖਾਵੇਗਾ
ਦਾਦੇ ਦਾ ਜਸ ਗਾਵੇਗਾ।

ਮਿੱਠੀਆਂ ਮਿੱਠੀਆਂ ਲੋਰੀਆਂ
ਸ਼ਹਿਦ ਦੀਆਂ ਕਟੋਰੀਆਂ
ਮਾਂ ਸ਼ਹਿਦ ਚਟਾਵੇਗੀ
ਠੰਢ ਤੋਂ ਬਚਾਵੇਗੀ
ਸੀਨੇ ਨਾਲ ਲਾਵੇਗੀ
ਚੰਦਾ ਆਖ ਬੁਲਾਵੇਗੀ।

ਪੁਸਤਕ, ' ਮਾਂ ਦੀਆਂ ਮਿੱਠੀਆਂ ਲੋਰੀਆਂ'



# ਇੱਕ ਸੰਘਰਸ਼ਮਈ ਔਰਤ ਦੀ ਸੱਚੀ ਗਾਥਾ

ਅਮਰਜੀਤ ਕੌਰ
ਹੈਰਸਬਰਗ (ਯੂ.ਐੱਸ.ਏ.)

ਹਿੰਮਤ ਨਾ ਹਾਰਨ ਵਾਲੀ, ਦੁਖਿਆਰੀ, ਸਿਰੜੀ ਔਰਤ ਹੈ-ਜਸਵੀਰ ਕੌਰ ਸੈਣੀ। ਲੰਗੜੋਆ ਨਿਵਾਸੀ ਸ. ਹੁਕਮ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਘਰ ਜਨਮੀ (ਕਲਕੱਤਾ ਵਿੱਖੇ) ਕਾਹਮਾ ਪਿੰਡ ਦੇ ਜ਼ਾਲਮ ਪਰਿਵਾਰ ਵਿੱਚ ਵਿਆਹੀ ਗਈ। ਪਤੀ ਲਾਈਲੱਗ, ਜਠਾਣੀ ਕੁਪੱਤੀ, ਸੱਸ-ਸਹੁਰਾ ਨੇ ਜਸਵੀਰ ਦੀ ਸੇਵਾਭਾਵਨਾ ਦੀ ਕਦਰ ਨਾ ਪਾਈ। ਮੰਦਭਾਗੇ ਸਾਲ 1984 ਵਿੱਚ ਲੰਗੜੋਏ ਆਪਣੇ ਇਕਲੌਤੇ ਭਰਾ ਨੂੰ ਰੱਖੜੀ ਬੰਨ੍ਹਣ ਕੀ ਆਈ ਕਿ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਮਦਰਾਸ ਤੋਂ ਆਏ ਪਤੀ ਨੂੰ ਜਦੋਂ ਉਹ ਘਰ ਵਿੱਚ ਨਾ ਮਿਲੀ ਤਾਂ ਜੇਠਾਣੀ ਨੇ ਦਿਉਰ ਦੇ ਕੰਨ ਭਰ ਦਿੱਤੇ। ਪੇਕੇ ਤੋਂ ਆਈ ਦੀ ਬੇਇੰਤਿਹਾ ਕੁੱਟਮਾਰ ਹੋਈ। ਜ਼ੁਲਮ ਦੀ ਹੱਦ ਕਿ ਫਾਹਾ ਵੱਢਣ ਦੇ ਮੰਤਵ ਨਾਲ ਜਸਵੀਰ ਕੌਰ ਤੇ ਉਸ ਦੀਆਂ ਤਿੰਨ ਮਾਸੂਮ ਬੱਚੀਆਂ ਨੂੰ ਨਵਾਂਸ਼ਹਿਰ ਦੇ ਨਜ਼ਦੀਕ ਨਹਿਰ ਵਿੱਚ ਸੁੱਟ ਦਿੱਤਾ ਗਿਆ। ਕੁਦਰਤ ਦੀ ਮਰਜ਼ੀ ਕਿ ਨਹਿਰ ਵਿੱਚ ਪਾਣੀ ਘੱਟ ਸੀ। ਜਸਵੀਰ ਕੌਰ ਨੇ ਦੋ ਧੀਆਂ ਅਤੇ ਆਪਣੇ ਆਪ ਨੂੰ ਤਾਂ ਬਚਾ ਲਿਆ ਪਰ ਸਭ ਤੋਂ ਛੋਟੀ ਮਾਸੂਮ ਪਾਣੀ ਦੀ ਭੇਂਟ ਚੜ੍ਹ ਗਈ। ਧੀਆਂ ਸਮੇਤ ਜਸਵੀਰ ਫਿਰ ਆਪਣੇ ਸਹੁਰਾ ਘਰ ਆ ਗਈ। ਪਤੀ ਦੀ ਕੁੱਟ ਅਤੇ ਨਹਿਰ ਵਿੱਚੋਂ ਬਾਹਿਰ ਨਿਕਲਦਿਆਂ ਕਾਫੀ ਸੱਟਾਂ ਤੇ ਰਗੜਾਂ ਲਗ ਗਈਆਂ। ਸਵੇਰ ਤੱਕ ਇਸ ਘਟਨਾ ਦੀ ਖਬਰ ਇਲਾਕੇ ਵਿੱਚ ਫ਼ੈਲ ਗਈ। ਭੈਣ-ਭਰਾ, ਮਾਤਾ-ਪਿਤਾ ਸਭ ਕਾਹਮਾ ਪਹੁੰਚ ਗਏ। ਜਸਵੀਰ ਦਾ ਘਰ ਵਾਲਾ ਘਰੋਂ ਭੱਜ ਗਿਆ।

ਮਾਪਿਆਂ ਤੇ ਭੈਣ-ਭਣੋਈਏ ਨੇ ਪੁਲਿਸ ਕੋਲ ਕੇਸ ਦਰਜ ਕਰਵਾਉਣਾ ਚਾਹਿਆ। ਜਸਵੀਰ ਕੌਰ ਨੇ ਮਨ੍ਹਾ ਕਰ ਦਿੱਤਾ ਕਿ ਕਸੂਰਵਾਰ ਨੂੰ ਜਾਣੀਜਾਣ ਰੱਬ ਦੀ ਕਚਹਿਰੀ ਵਿੱਚ ਸਜ਼ਾ ਮਿਲ ਜਾਏਗੀ। ਮਲ੍ਹਮਪੱਟੀ ਦਾ ਇੰਤਜ਼ਾਮ ਕਰ ਕੇ ਪੇਕੇ ਵਾਪਸ ਚਲੇ ਗਏ। ਕੁੱਝ ਦੇਰ ਬਾਅਦ ਮਾਬਾਪ ਉਸ ਨੂੰ ਆਪਣੇ ਘਰ ਲੈ ਗਏ। ਬੱਚੀਆਂ ਲੰਗੜੋਆ ਪਿੰਡ ਵਿੱਚ ਪੜ੍ਹਨ ਲੱਗੀਆਂ। ਜਸਵੀਰ ਕੌਰ ਦੋ ਸਾਲ ਪੇਕਾ ਘਰ ਰਹੀ। ਫਿਰ ਰਿਸ਼ਤੇਦਾਰਾਂ ਨੇ ਵਿੱਚ ਪੈ ਕੇ ਅਤੇ ਪਤੀ ਤੋਂ ਕੀਤੀ ਗਲਤੀ ਦੀ ਮੁਆਫੀ ਮੰਗਵਾ ਕੇ ਜਸਵੀਰ ਕੌਰ ਨੂੰ ਉਸ ਦੇ ਪਤੀ ਨਾਲ ਮਦਰਾਸ ਭੇਜ ਦਿੱਤਾ ਗਿਆ। ਉੱਥੇ ਕੁੱਝ ਸਾਲਾਂ ਬਾਅਦ ਇੱਕ ਬੇਟਾ ਹੋਇਆ। ਇਸ ਦੇ ਬਾਵਜੂਦ ਪਤੀ-ਪਤਨੀ ਦਾ ਗ੍ਰਹਿਸਥੀ ਜੀਵਨ ਨਰਕ ਹੀ ਬਣਿਆ ਰਿਹਾ। ਇਸ ਦਾ ਬੁਰਾ ਪ੍ਰਭਾਵ ਬੱਚਿਆਂ 'ਤੇ ਪੈ ਰਿਹਾ ਸੀ। ਅੰਤ ਜਸਵੀਰ ਕੌਰ ਆਪਣੇ ਤਿੰਨ ਬੱਚਿਆਂ ਨਾਲ ਕਿਰਾਏ ਦੇ ਇੱਕ ਕਮਰੇ ਵਿੱਚ ਰਹਿਣ ਲੱਗੀ।

ਬੱਚੇ ਪੜ੍ਹਨ ਵਿੱਚ ਹੁਸ਼ਿਆਰ ਨਿਕਲੇ। ਵੱਡੀ ਬੇਟੀ ਮੈਰਿਟ ਵਜ਼ੀਫ਼ੇ ਦੇ ਸਹਾਰੇ ਕਾਲਜ ਪਹੁੰਚ ਗਈ ਅਤੇ ਟਿਊਸ਼ਨਾਂ ਪੜ੍ਹਾ ਕੇ ਮਾਂ ਦੀ ਮਦਦ ਕਰਨ ਲੱਗੀ। ਉਸ ਨੇ ਮਦਰਾਸ ਯੂਨੀਵਰਸਿਟੀ ਤੋਂ ਗੋਲਡ ਮੈਡਲ ਨਾਲ ਐਮ.ਐਸ.ਸੀ. ਪਾਸ ਕੀਤੀ। ਛੋਟੀ ਉੱਚ-ਸਿੱਖਿਆ ਲੈਣ ਲਈ ਸਰਕਾਰੀ ਖਰਚੇ 'ਤੇ ਅਮਰੀਕਾ ਚਲੇ ਗਈ ਅਤੇ ਬੇਟੇ ਨੇ ਅਮਰੀਕਾ ਤੋਂ ਹੀ ਬਹੁਤ ਚੰਗੀ ਮੈਰਿਟ ਨਾਲ ਇੰਜਨੀਅਰਿੰਗ ਦੀ ਡਿਗਰੀ ਹਾਸਲ ਕਰ ਲਈ। ਤਿੰਨੋ ਹੀ ਬੱਚੇ ਅਪਣੀ ਮਾਂ ਦੇ ਆਗਿਆਕਾਰੀ ਅਤੇ ਜ਼ਿੰਮੇਵਾਰ ਨਿਕਲੇ। ਉਨ੍ਹਾਂ ਨੇ ਆਪਣੀ ਮਰਜ਼ੀ ਦੇ ਅਤੇ ਬਰਾਬਰ ਦੀ ਯੋਗਤਾਪ੍ਰਾਪਤ ਸਾਥੀਆਂ ਨਾਲ ਵਿਆਹ ਕਰਵਾਏ। ਬੇਟਾ ਹੁਣ ਅਮਰੀਕਾ ਵਿੱਚ ਕੰਪਿਊਟਰ ਇੰਜਨੀਅਰ ਹੈ। ਜਸਵੀਰ ਕੌਰ ਪਾਸ ਹੁਣ ਵਧੀਆ ਘਰ ਅਤੇ ਆਧੁਨਿਕ ਸੁਖ-ਸਹੂਲਤਾਂ ਹਨ। ਉਸ ਦੀ ਤਪੱਸਿਆ ਰੰਗ ਲਿਆਈ ਹੈ।

ਪਤੀ, ਜੋ ਜਸਵੀਰ ਕੌਰ ਦੀ ਜੀਵਨ ਲ੍ਹੀਲਾ ਖਤਮ ਕਰ ਕੇ ਸੁਖੀ ਹੋਣਾ ਚਾਹੁੰਦਾ ਸੀ, ਇੱਕ ਦੁਰਘਟਨਾ ਨਾਲ ਦਿਮਾਗੀ ਤੌਰ 'ਤੇ ਅਪੰਗ ਹੋ ਗਿਆ। ਜਿੰਨੀ ਦੇਰ ਕੋਲ ਪੈਸਾ ਸੀ, ਭਤੀਜਿਆਂ ਨੇ ਸਾਂਭ-ਸੰਭਾਲ ਕੀਤੀ ਅਤੇ ਅੰਤ ਬੇਹੋਸ਼ੀ ਦੀ ਹਾਲਤ ਵਿੱਚ ਹੀ ਦੁਨੀਆਂ ਤੋਂ ਰੁਖਸਤ ਹੋ ਗਿਆ। ਜਸਵੀਰ ਕੌਰ ਦੇ ਵਿਸ਼ਵਾਸ ਅਨੁਸਾਰ ਰੱਬ ਨੇ ਨਿਆਂ ਕਰ ਦਿੱਤਾ। ਆਪਣੇ ਆਪਣੇ ਕਰਮਾਂ ਕਰਕੇ ਜਸਵੀਰ ਕੌਰ ਨੂੰ ਸਵਰਗ ਅਤੇ ਪਤੀ ਨੂੰ ਨਰਕ ਪ੍ਰਾਪਤ ਹੋਇਆ। ਸੱਚਮੁੱਚ ਜਸਵੀਰ ਕੌਰ ਦੀ ਜ਼ਿੰਦਗੀ ਹਿੰਮਤ ਅਤੇ ਸਿਰੜ ਦਾ ਮੁਜੱਸਮਾ ਹੈ। ਜਸਵੀਰ ਕੌਰ ਮੇਰੀ ਭੈਣ ਹੈ ਜਿਸ ਤੇ ਮੈਨੂੰ ਅੰਤਾਂ ਦਾ ਮਾਣ ਹੈ। ਉਸ ਨੇ ਸਿੱਧ ਕਰ ਦਿਖਾਇਆ ਹੈ ਕਿ ਭਲੇਮਾਣਸ ਤੇ ਨਿਮਰ ਬੰਦੇ ਜੀਵਨ ਸੰਘਰਸ਼ ਜਿੱਤ ਲੈਂਦੇ ਹਨ। ਉਹ ਦੂਜਿਆਂ ਲਈ ਪ੍ਰੇਰਨਾ-ਸਰੋਤ ਹੈ।

* * * * *

## ਸ਼ਬਦਾਂ ਦੀ ਖ਼ੂਬਸੂਰਤੀ

ਵੈਦਿਕ ਕਾਲ ਵਿੱਚ ਵਿਸਾਖੀ ਦੇ ਦਿਨ ਨੂੰ **ਖਲਜਗਣ** ਕਿਹਾ ਜਾਂਦਾ ਸੀ। 'ਖਲ' ਮਾਅਨੇ ਖੇਤ ਜਾਂ ਖਲਿਆਣ ਅਤੇ 'ਜਗਣ'( ਯਜਨ) ਮਾਅਨੇ ਯੱਗ। ਉਹ ਯੱਗ ਜਿਹੜਾ ਪੁਜਾਰੀ ਨਵੀਂ ਫਸਲ ਆਉਣ ਦੀ ਖੁਸ਼ੀ ਵਿੱਚ ਕਿਸਾਨ ਦੇ ਖਰਚੇ ਨਾਲ ਕਰਿਆ ਕਰਦਾ ਸੀ। ਮਹੀਨਾ ਮਹੀਨਾ ਪੁੰਨਦਾਨ ਤੇ ਲੰਗਰ ਪ੍ਰਸ਼ਾਦੇ ਚੱਲਦੇ। ਸਮਾਂ ਬੀਤਣ ਨਾਲ ਇਹ ਯੱਗ ਏਨਾ ਖਰਚੀਲਾ ਅਤੇ ਗੁੰਝਲਦਾਰ ਹੋ ਗਿਆ। ਕਿਸਾਨਾਂ ਨੇ ਇਸ ਤੋਂ ਅੱਕ ਕੇ ਪੁਰੋਹਿਤ ਨੂੰ ਕਿਹਾ, " **ਬੰਦ ਕਰ ਇਹ ਖਲਜਗਣ**"। ਇਹ ਸ਼ਬਦ ਹੁਣ ਵੀ ਅਸੀਂ ਵਰਤਦੇ ਹਾਂ।

# ਜ਼ੀਵਨ ਦਾ ਥੰਮ੍ਹ ਹੈ ਔਰਤ

ਗੁਰਬਿੰਦਰ ਸਿੰਘ ਮਾਣਕ (ਸੈਣੀ)
ਪਿੰਡ ਖਰਲ ਕਲਾਂ, ਜ਼ਿਲ੍ਹਾ ਜਲੰਧਰ



ਮਨੁੱਖੀ ਜੀਵਨ ਕਦੇ ਵੀ ਏਨਾ ਜਿਊਣਯੋਗ , ਖੁਸ਼ਗਵਾਰ ਸੁਹਾਵਣਾ ਤੇ ਸੁਹਜਮਈ ਨਾਂ ਹੁੰਦਾ ਜੇਕਰ ਧਰਤੀ'ਤੇ ਔਰਤ ਦੀ ਹੋਂਦ ਨਾ ਹੁੰਦੀ । ਔਰਤਾ ਨੇ ਹੀ ਮਨੁੱਖੀ ਜ਼ਿੰਦਗੀ ਨੂੰ ਆਕਰਸ਼ਿਕ ਤੇ ਮਾਣਯੋਗ ਬਣਾਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ ਹੈ।ਸੰਸਾਰ ਦੀ ਅੱਧੀ ਆਬਾਦੀ ਔਰਤਾਂ ਦੀ ਹੈ।ਇਸ ਦੇ ਬਾਵਜੂਦ ਦੁਨੀਆਂ ਦੇ ਬਹੁਤੇ ਦੇਸ਼ਾਂ ਵਿੱਚ ਔਰਤਾਂ ਦੀ ਸਮਾਜਿਕ ਆਰਥਿਕ ਦੇਣ ਨੂੰ ਬਹੁਤ ਹੱਦ ਤਕ ਅਣਗੌਲਿਆਂ ਕੀਤਾ ਗਿਆ ਹੈ। ਏਸ਼ੀਆ ਤੇ ਅਫ਼ਰੀਕਾ ਮਹਾਂਦੀਪਾਂ ਦੇ ਦੇਸ਼ਾਂ ਵਿੱਚ ਤਾਂ ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ।ਇਸ ਪੱਖ ਤੋਂ ਭਾਰਤ ਤੇ ਉਸ ਦੇ ਗੁਆਂਢੀ ਦੇਸ਼ਾਂ ਦੀ ਹਾਲਤ ਵੀ ਮਾੜੀ ਹੈ।ਸਮਾਂ ਬਹੁਤ ਬਦਲ ਗਿਆ ਹੈ,ਔਰਤਾਂ ਦੀ ਸਥਿਤੀ ਵਿੱਚ ਵੀ ਕੁਝ ਤਬਦੀਲੀ ਜ਼ਰੂਰ ਆਈ ਹੈ,ਪਰ ਅਜੇ ਵੀ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਹੜਾ ਔਰਤਾਂ ਦੇ ਸਮੁਚੇ ਵਿਕਾਸ ਦੇ ਰਾਹ ਵਿੱਚ ਰੋੜਾ ਬਣਿਆ ਹੋਇਆ ਹੈ।ਅਜੋਕੇ ਸਮੇ ਵਿੱਚ ਵੀ ਰੂੜ੍ਹੀਵਾਦੀ ਮਾਨਸਿਕਤਾ ਕਾਰਨ ਮਰਦ-ਪ੍ਰਧਾਨ ਸਮਾਜ ਦਾ ਬੋਲਬਾਲਾ ਹੈ। ਘਰ ਪਰਿਵਾਰਾਂ ਵਿੱਚ ਵੀ ਅਜੇ ਤੱਕ ਵੱਡੇ ਫ਼ੈਸਲੇ ਮਰਦ ਹੀ ਕਰਦੇ ਹਨ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀ ਹੋ ਸਕਦੀਆਂ ਕਿ ਸਦੀਆਂ ਤੋਂ ਘਰ ਦੀ ਸਿਰਜਣਾ ਵਿੱਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।ਉਸ ਸਮੇ ਤੋ ਲੈ ਕੇ ਜਦੋ ਔਰਤ ਦੀ ਭੂਮਿਕਾ ਕੇਵਲ ਘਰ ਦੀ ਚਾਰਦੀਵਾਰੀ ਤਕ ਹੀ ਸੀਮਤ ਸੀ ਤੇ ਅਜੋਕੇ ਸਮੇ ਦੀ ਔਰਤ ਜਿਸ ਨੇ ਆਪਣੀ ਸੂਝ,ਸਮਰੱਥਾ, ਯੋਗਤਾ ਤੇ ਪ੍ਰਤਿਭਾ ਸਦਕਾ ਵੱਡਾ ਨਾਮਣਾ ਖੱਟਿਆ ਹੈ, ਘਰ ਦੀ ਹੋਂਦ ਨੂੰ ਮਜ਼ਬੂਤ ਤੇ ਸ਼ਕਤੀਸ਼ਾਲੀ ਬਣਾਉਣ ਵਿੱਚ ਔਰਤ ਦੀ ਵੱਡੀ ਭੂਮਿਕਾ ਤੋਂ ਕੋਈ ਇਨਕਾਰੀ ਨਹੀ ਹੋ ਸਕਦਾ । ਅਸਲ ਵਿੱਚ ਔਰਤ ਸਮਾਜਿਕ ਰਿਸ਼ਤਿਆਂ ਦੀ ਧਰੋਹਰ ਹੈ। ਘਰ ਦਾ ਸੰਕਲਪ ਔਰਤ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਹੀ ਸ਼ਾਇਦ ਪਤਨੀ ਦੇ ਰੂਪ ਵਿੱਚ ਔਰਤ ਨੂੰ 'ਘਰ ਵਾਲੀ' ਦਾ ਰੁਤਬਾ ਮਿਲਿਆ ਹੋਇਆ ਹੈ।ਸਦੀਆਂ ਤੋਂ ਔਰਤ ਘਰ ਦੇ ਕੰਮਾਂ ਦੇ ਨਾਲ ਨਾਲ ਖੇਤੀਬਾੜੀ ਜਾਂ ਹੋਰ ਬਾਹਰਲੇ ਕੰਮਾਂ ਵਿੱਚ ਵੀ ਮੋਢਾ ਜੋੜ ਕੇ ਕੰਮ ਕਰਦੀ ਰਹੀ ਹੈ। ਮਰਦ ਤਾਂ ਥੋੜ੍ਹਾਂ ਸਮਾਂ ਕੱਢ ਕੇ ਆਰਾਮ ਕਰ ਲੈਂਦੇ ਸਨ ਪਰ ਔਰਤ ਨੂੰ ਘਰ ਦੇ ਸਾਰੇ ਟੱਬਰ ਦੀ ਰੋਟੀ ਪੜ੍ਹਾਉਣ ਤੋਂ ਲੈ ਕੇ ਅਨੇਕ ਕੰਮਾਂ ਵਿੱਚ ਵੀ ਆਪਣੀ ਜਾਨ ਮਾਰਨੀ ਪੈਂਦੀ। ਇਹ ਵਰਤਾਰਾ ਥੋੜ੍ਹੇ ਬਹੁਤੇ ਫਰਕ ਨਾਲ ਅੱਜ ਵੀ ਕਾਇਮ ਹੈ। ਜਿਹੜੀ ਗੱਲ ਪਿਛਲੇ ਸਮੇਂ ਤੋ ਲੈ ਕੇ ਅਜੋਕੇ ਸਮੇ ਤਕ ਨਹੀ ਬਦਲੀ ਉਹ ਹੈ ਔਰਤਾਂ ਦੇ ਕੰਮਾਂ ਨੂੰ ਕੰਮ ਹੀ ਨਾ ਸਮਝਣਾ । ਅੱਜ ਦੇ ਸਮੇਂ ਵਿਚ ਤਾਂ ਸਗੋਂ ਔਰਤ ਦੂਹਰੇ ਰੂਪ ਵਿਚ ਪਿਸ ਰਹੀ ਹੈ । ਨੌਕਰੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ -ਨਾਲ ਉਸ ਨੂੰ ਘਰ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਹੈ । ਅਕਸਰ ਦੇਖਣ ਵਿਚ ਆਇਆ ਹੈ ਕਿ ਜੇ ਪਤੀ-ਪਤਨੀ ਦੋਵੇਂ ਨੌਕਰੀ ਕਰਦੇ ਹੋਣ ਤਾਂ ਡਿਊਟੀ ਤੋਂ ਪਰਤ ਕੇ ਪਤੀ ਦੇਵ ਤਾਂ ਆਰਾਮ ਫਰਮਾਉਣ ਲੱਗ ਜਾਂਦੇ ਹਨ, ਪਰ ਨਾਲ ਹੀ ਪਰਤੀ ਪਤਨੀ ਥੱਕੀ ਹੋਣ ਦੇ ਬਾਵਜੂਦ ਅਜਿਹਾ ਨਹੀ ਕਰ ਸਕਦੀ ਕਿਉਂਕਿ ਘਰ, ਰਸੋਈ, ਬੱਚੇ ਤੇ ਅਨੇਕਾਂ ਹੋਰ ਕੰਮ ਔਰਤ ਦੇ ਹੀ ਜ਼ਿੰਮੇ ਹਨ। ਜਿੱਥੇ ਔਰਤ ਅਜਿਹੇ ਕੰਮ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ ਉੱਥੇ ਹੀ ਲੜਾਈ ਝਗੜੇ ਦੀ ਨੌਬਤ ਆ ਜਾਂਦੀ ਹੈ । ਔਰਤ ਦੇ ਘਰੇਲੂ ਕੰਮਾਂ ਦੀ ਜੇਕਰ ਸੂਚੀ ਬਣਾਈ ਜਾਵੇ ਤਾਂ ਇਹ ਮੁੱਕਣ ਵਿਚ ਹੀ ਨਹੀ ਆਉਦੇ ।ਮਕਾਨ ਬਣਾ ਦੇਣ ਨਾਲ ਹੀ ਇਮਾਰਤ ਘਰ ਨਹੀਂ ਬਣਦੀ ਜਾਂਦੀ ਸਗੋਂ ਔਰਤ ਆਪਣੀਆਂ ਕਲਾਤਮਿਕ ਛੋਹਾਂ ਨਾਲ ਉਸ ਨੂੰ ਘਰ ਬਣਾਉਂਦੀ ਹੈ। ਘਰ ਦਾ ਕੋਈ ਕੋਨਾ ਘਰ ਦੀ ਸੁਆਣੀ ਦੀ ਤਿੱਖੀ ਨਜ਼ਰ ਤੋਂ ਉਹਲੇ ਨਹੀਂ ਰਹਿ ਸਕਦਾ ਤੇ ਜੇਕਰ ਕਿਤੇ ਅਣਜਾਣੇ ਵਿਚ ਰਹਿ ਜਾਵੇ ਤਾਂ ਉਹੀ ਕੋਨਾ ਗੰਦਾ, ਬੇਤਰਤੀਬਾ ਤੇ ਬੇਰੌਣਕਾ ਜਾਪਣ ਲੱਗ ਜਾਂਦਾ ਹੈ । ਇਹ ਔਰਤ ਦੇ ਹੱਥਾਂ ਦਾ ਹੀ ਕਮਾਲ ਹੈ ਕਿ ਘਰ ਹਰ ਰੋਜ਼ ਹੀ ਚਮਕ ਉੱਠਦਾ ਹੈ ਤੇ ਸਾਰਾ ਪਰਿਵਾਰ ਉਸ ਵਿਚ ਵਿਚਰਦਿਆਂ ਅਗੰਮੀ ਸਕੂਨ ਮਹਿਸੂਸ ਕਰਦਾ ਹੈ। ਆਮ ਤੌਰ ਤੇ ਪਰਿਵਾਰਾਂ ਵਿਚ ਬੱਚਿਆਂ ਦੇ ਪਾਲਣ -ਪੋਸ਼ਣ, ਖਾਣ ਪੀਣ ਪੜ੍ਹਾਉਣ ਲਿਖਾਉਣ ਤੇ ਜੀਵਨ ਜਾਚ ਦੀਆਂ ਹੋਰ ਗੱਲਾਂ ਸਿਖਾਉਣ ਦੀ ਜ਼ਿੰਮੇਵਾਰੀ ਬਹੁਤ ਹੱਦ ਤਕ ਔਰਤ ਨੂੰ ਹੀ ਨਿਭਾਉਣੀ ਪੈਂਦੀ ਹੈ। ਬਿਨਾਂ ਸ਼ੱਕ ਪਿਤਾ ਦੀ ਮਹੱਤਵਪੂਰਨ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ , ਪਰ ਕੁਦਰਤ ਨੇ ਔਰਤ ਦੇ ਮਨ ਵਿਚ ਜਿਹੜਾ ਕੁਰਬਾਨੀ ਦਾ ਜਜ਼ਬਾ ਪੈਦਾ ਕੀਤਾ ਹੋਇਆ ਹੈ। ਉਹ ਸਿਰਫ਼ ਔਰਤ ਦੇ ਹੀ ਹਿੱਸੇ ਆਇਆ ਹੈ।ਸਾਰੇ ਜੀਆਂ ਲਈ ਖਾਣਾ ਬਣਾਉਣਾ, ਘਰ ਦੀ ਸਫ਼ਾਈ, ਕੱਪੜੇ ਧੋਣਾ, ਬੱਚਿਆ ਦੀ ਦੇਖਭਾਲ ਤੇ ਪੜ੍ਹਾਈ ਆਦਿ ਕੰਮ ਤਾਂ ਘਰ ਦੀ ਔਰਤ ਦੀ ਨਿੱਤ ਡਿਊਟੀ ਹੈ।ਕਈ ਵਾਰ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਔਰਤ ਨੂੰ ਇਹ ਸਾਰੇ ਕੰਮ ਕਰਨੇ ਪੈਂਦੇ ਹਨ।ਬਹੁਤ ਘਟ ਮਰਦ ਹਨ ਜਿਹੜੇ ਇਨ੍ਹਾਂ ਕੰਮਾਂ ਵਿਚ ਔਰਤਾਂ ਦੀ ਸਹਾਇਤਾ ਕਰਦੇ

ਹਨ। ਸਦੀਆਂ ਤੋਂ ਸਾਡੀ ਮਾਨਸਿਕਤਾ ਵਿਚ ਇਹ ਗੱਲ ਪਈ ਹੋਈ ਹੈ ਕਿ ਅਜਿਹੇ ਕਰਨ ਦੀ ਜ਼ਿੰਮੇਵਾਰੀ ਔਰਤ ਦੀ ਹੀ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਾਰਾ ਦਿਨ ਇਨ੍ਹਾਂ ਕੰਮਾਂ ਵਿਚ ਰੁਝੀ ਰਹਿਣ ਵਾਲੀ ਔਰਤ ਦੇ ਇਨ੍ਹਾਂ ਕੰਮਾਂ ਨੂੰ ਸਮਾਜ ਕੰਮ ਹੀ ਨਹੀ ਸਮਝਦਾ। ਸਗੋਂ ਇਹ ਕਿਹਾ ਜਾਂਦਾ ਹੈ ਕਿ ਔਰਤਾਂ ਤਾਂ ਵਿਹਲੀਆਂ ਹੀ ਰਹਿੰਦੀਆਂ ਹਨ।

ਪਿੰਡਾਂ ਵਿਚ ਛੋਟੀ ਕਿਸਾਨੀ ਨਾਲ ਜੁੜੇ ਪਰਿਵਾਰਾਂ ਦੀਆਂ ਔਰਤਾਂ ਹੀ ਬਹੁਤ ਕੰਮ ਕਰਦੀਆਂ ਹਨ। ਫਸਲ ਬੀਜਣ ਤੋਂ ਲੈ ਕੇ ਉਸ ਦੀ ਸਾਂਭ ਸੰਭਾਲ ਤੇ ਤਿਆਰੀ ਫ਼ਸਲ ਦੀ ਕਟਾਈ ਵਢਾਈ ਵਿਚ ਔਰਤ ਆਪਣਾ ਭਰਵਾਂ ਯੋਗਦਾਨ ਦਿੰਦੀ ਹੈ। ਪਸ਼ੂਆਂ ਦੇ ਪੱਠੇ-ਦੱਥੇ ਦੀ ਸਾਂਭ ਸਾਂਭ ਸੰਭਾਲ ਤੇ ਦੁੱਧ ਚੋਣ ਦੀ ਜ਼ਿੰਮੇਵਾਰੀ ਵੀ ਔਰਤ ਹੀ ਸੰਭਾਲਦੀ ਹੈ। ਖੇਤਾਂ ਵਿਚ ਕੰਮ ਕਰਦੇ ਘਰ ਦੇ ਜੀਆਂ ਤੇ ਕਾਮਿਆਂ ਲਈ ਰੋਟੀ ਪਾਣੀ ਤੇ ਚਾਹ ਦੀ ਡਿਊਟੀ ਤਾਂ ਉਸ ਨੂੰ ਸੰਭਾਲਣੀ ਹੀ ਪੈਂਦੀ ਹੈ। ਔਰਤ ਦੇ ਕੰਮ ਸੂਰਜ ਚੜ੍ਹਨ ਤੋਂ ਪਹਿਲਾਂ ਆਰੰਭ ਹੋ ਕੇ ਦੇਰ ਰਾਤ ਤਕ ਜਾਰੀ ਰਹਿੰਦੇ ਹਨ। ਇਸ ਦੇ ਬਾਵਜੂਦ ਜੇ ਮਰਦ ਪ੍ਰਧਾਨ ਸਮਾਜ ਔਰਤ ਦੇ ਕੰਮਾਂ ਨੂੰ ਕੰਮ ਹੀ ਨਹੀਂ ਸਮਝਦਾ ਤਾਂ ਇਸ ਤੋਂ ਦੁਖਦਾਈ ਗੱਲ ਕੀ ਹੋ ਸਕਦੀ ਹੈ।

ਅਸਲ ਵਿਚ ਕੁਦਰਤ ਨੇ ਔਰਤ ਨੂੰ ਵਿਸ਼ਾਲ ਹਿਰਦੇ ਦੀ ਮਾਲਕ ਬਣਾਇਆ ਹੈ। ਸਾਰੇ ਕੰਮ ਕਰਨ ਦੇ ਬਾਵਜੂਦ ਉਹ ਕਦੇ ਜਤਾਉਂਦੀ ਨਹੀ ਹੈ ਕਿ ਉਹ ਕੰਮ ਕਰਦੀ ਹੈ। ਘਰ ਨੂੰ ਤਿਣਕਾ-ਤਿਣਕਾ ਕਰਕੇ ਸਿਰਜਦਿਆਂ ਉਸ ਦੇ ਮਨ ਨੂੰ ਅੰਤਰੀਵ ਖ਼ੁਸ਼ੀ ਮਿਲਦੀ ਹੈ। ਜੇਕਰ ਘਰ ਦੇ ਮੈਂਬਰ ਉਸ ਦੇ ਕੀਤੇ ਹੋਏ ਕੰਮਾਂ ਦੀ ਕਿਤੇ ਪ੍ਰਸ਼ੰਸਾ ਕਰ ਦੇਣ ਤਾਂ ਉਸ ਦੀ ਸਾਰੀ ਥਕਾਵਟ ਲਹਿ ਜਾਂਦੀ ਹੈ। ਔਰਤ ਪਰਿਵਾਰ ਦੀ ਥੰਮ੍ਹ ਹੁੰਦੀ ਹੈ। ਜੇ ਕੁਝ ਦਿਨਾਂ ਲਈ ਘਰ ਦੀ ਔਰਤ ਕਿਤੇ ਬਾਹਰ ਚਲੀ ਜਾਵੇ ਤਾਂ ਘਰ ਦੀ ਜੋ ਸਥਿਤੀ ਬਣਦੀ ਹੈ ਉਸ ਨੂੰ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ।

ਸਮਾਂ ਬਹੁਤ ਬਦਲ ਗਿਆ ਹੈ। ਅਜੋਕੀ ਪੜ੍ਹੀ ਲਿਖੀ ਔਰਤ ਨੇ ਆਪਣੀ ਮਿਹਨਤ, ਲਗਨ ਤੇ ਯੋਗਤਾ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਮਰਦਾਂ ਤੋਂ ਕਿਤੇ ਅੱਗੇ ਹੈ। ਇਸ ਦੇ ਬਾਵਜੂਦ ਅਜੇ ਵੀ ਔਰਤ ਨੂੰ ਜ਼ਿੰਦਗੀ ਵਿਚ ਵਿਚਰਦਿਆਂ ਅਨੇਕਾਂ ਦੁਸ਼ਵਾਰੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਜੇਕਰ ਘਰਾਂ ਨੂੰ ਸੁੰਦਰ ਤੇ ਖੁਸ਼ਗਵਾਰ ਬਣਾਉਣਾ ਚਾਹੁੰਦੇ ਹੋ ਤਾਂ ਘਰ ਦੀ ਸੁਆਣੀ ਦੇ ਕੰਮਾਂ ਨੂੰ ਮਾਨਤਾ ਵੀ ਨਹੀ ਮਿਲਣੀ ਚਾਹੀਦੀ ਹੈ ਤੇ ਉਸ ਨੂੰ ਬਣਦਾ ਆਦਰ ਮਾਣ ਵੀ ਮਿਲਣਾ ਚਾਹੀਦਾ ਹੈ ਜਿਸ ਦੀ ਉਹ ਪੂਰੀ ਤਰ੍ਹਾਂ ਹੱਕਦਾਰ ਹੈ।



ਕਵਿਤਾ (ਹਿੰਦੀ)

## ਨਵ ਵਰਸ਼ ਸੇ ਪ੍ਰਸ਼ਨ

ਡਾ.ਦਲਜੀਤ ਕੌਰ, ਚੰਡੀਗੜ੍ਹ

ਏ ਨਵ ਵਰਸ਼!
ਤੁਮ ਆਏ ਤੋ ਹੋ।
ਕਿਆ ਕੁਛ ਨਯਾ ਭੀ ਲਾਏ ਹੋ ?
ਨੇਤਾ ਬਦਲੇਗਾ ਕਿਆ ਅਪਨੀ ਪਰਿਭਾਸ਼ਾ ?
ਪਹਿਨੇਗੀ ਰਾਜਨੀਤੀ ਕਿਆ ਨਯਾ ਪਹਿਰਾਵਾ ?
ਏ ਨਵ ਵਰਸ਼ !
ਤੁਮ ਆਏ ਤੋ ਹੋ ।
ਤਨ ਢਕੋਗੇ ਕਿਆ ਉਸ ਆਬਰੂ ਕਾ
ਜੋ ਪਿਛਲੇ ਸਾਲ ਰਹੀ ਨੰਗੀ ?
ਰਖੀ ਗਿਰਵੀ ਜਿਸ ਕਿਸਾਨ ਨੇ ਜ਼ਮੀਨ
ਕਮ ਹੋਗੀ ਕਿਆ ਉਸ ਕੀ ਤੰਗੀ ?
ਏ ਨਵ ਵਰਸ਼ !
ਤੁਮ ਆਏ ਤੋ ਹੋ ।
ਹੋਸ਼ਿਆਰ ਹੋਨੇ ਪਰ ਭੀ ਰਹਿ ਗਿਆ ਜੋ ਪੀਛੇ
ਦੇ ਪਾਏਗਾ ਵਹ ਵਿਦਿਆਰਥੀ ਕਿਆ ਟਿਊਸ਼ਨ ਫੀਸ ?
ਇੱਜ਼ਤ ਸੇ ਪਾਲ ਲੇਗੀ ਬੱਚੇ ਵਹ ਵਿਧਵਾ ?
ਕਿਆ ਕਿਸੀ ਕੇ ਦਾਨੇ ਪੀਸ ?
ਏ ਨਵ ਵਰਸ਼ !
ਤੁਮ ਆਏ ਤੋ ਹੋ ।
ਕੁਛ ਤੋ ਨਯਾ ਲਾਏ ਹੋ ।
ਗਰਭ ਮੇਂ ਕਿਆ ਕਿਆ ਛੁਪਾਏ ਹੋ ?
ਤੁਮ ਪਰ ਲਗਾਏ ਹੈਂ ਸਭ ਆਸ
ਨਾ ਕੋਈ ਹੋਏ ਮਾਨਵ ਉਦਾਸ।

## ਆਲਾ ਅਫਸਰ

ਜਾਨੇ, ਕਿਸ ਅਹੁਦੇ ਪਰ ਥਾ ?
ਜਾਨੇ, ਕਿਸ ਧੋਖੇ ਮੇਂ ਥਾ ?
ਕਿਤਨਾ ਖੋਖਲਾ, ਪ੍ਰਸ਼ਨ ਉਸ ਕਾ ?
" ਜਾਨਤੇ ਨਹੀਂ ਕੌਨ ਹੂੰ ਮੈਂ?"
ਮਨ ਨੇ ਕਹਾ-
ਕੁਛ ਭੀ ਹੋ।
ਪਰ, ਇਨਸਾਨ ਨਹੀਂ ।

ਕਹਾਣੀ

# ਹੱਕ

**ਗੁਰਵਿੰਦਰ ਕੌਰ**
ਰੂਪਨਗਰ



ਕੁਝ ਦਿਨਾਂ ਤੋ ਸੋਨਲ ਬੜੀ ਗੁੰਮਸੁੰਮ ਸੀ। ਉਹ ਚੌਥੀ ਜਮਾਤ ਵਿੱਚ ਪੜ੍ਹਦੀ ਸੀ। ਉਸ ਦੀ ਪੜ੍ਹਾਈ ਵਿੱਚ ਵੀ ਦਿਲਚਸਪੀ ਘੱਟ ਰਹੀ ਸੀ। ਸਾਰੇ ਹੀ ਬੱਚੇ ਕਲਾਸ ਇੰਚਾਰਜ ਜਸਵੰਤ ਮੈਡਮ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਜਸਵੰਤ ਮੈਡਮ ਦੀ ਤਾਂ ਬੱਚਿਆਂ ਵਿੱਚ ਜਾਨ ਵਸਦੀ ਸੀ। ਉਨ੍ਹਾਂ ਨੇ ਇਕ ਦੋ ਵਾਰ ਸੋਨਲ ਨੂੰ ਬੁਲਾ ਕੇ ਪੁੱਛਿਆ ਵੀ, ਪਰ ਉਹ ਡਰੀ ਤੇ ਸਹਿਮੀ ਹੋਈ ਕੁੱਝ ਨਾ ਦੱਸ ਸਕੀ । ਜਸਵੰਤ ਮੈਡਮ ਸ਼ਹਿਰ ਤੋਂ ਆਪਣੀ ਐਕਟਿਵਾ 'ਤੇ ਪਿੰਡ ਦੇ ਪ੍ਰਾਇਮਰੀ ਸਕੂਲ ਆਉਦੇ ਸਨ। ਉਨ੍ਹਾਂ ਦੇ ਆਪਣੀ ਕੋਈ ਔਲਾਦ ਨਹੀਂ ਸੀ। ਇਸ ਲਈ ਸਾਰੀ ਮਮਤਾ ਇਨ੍ਹਾਂ ਬੱਚਿਆਂ 'ਤੇ ਲੁਟਾ ਦਿੰਦੇ ਸਨ। ਸਕੂਲ ਟਾਇਮ ਤੋ ਬਾਅਦ ਵੀ ਉਹ ਕਮਜ਼ੋਰ ਬੱਚਿਆਂ ਨੂੰ ਪੜ੍ਹਾਉਣ ਲਈ ਕਈ ਰੁਕ ਜਾਂਦੇ। ਇਕ ਦਿਨ ਸਵੇਰੇ ਸਕੂਲ ਆਉਦੇ ਸਮੇ ਉਹ ਬੱਚਿਆਂ ਲਈ ਟਾਫ਼ੀਆਂ ਲੈਣ ਲਈ ਪਿੰਡ ਦੀ ਦੁਕਾਨ 'ਤੇ ਗਏ । ਜਦੋ ਦੁਕਾਨ ਤੋ ਬਾਹਰ ਆਏ ਤਾ ਸੋਨਲ ਨੂੰ ਨਾਲ ਦੀ ਗਲੀ ਵਿੱਚੋਂ ਨਿਕਲਦੇ ਦੇਖਿਆ। ਉਹ ਸਕੂਲ ਜਾ ਰਹੀ ਸੀ। "ਵੀਰ ਜੀ , ਆਹ ਸੋਨਲ ਇਥੇ ਹੀ ਰਹਿੰਦੀ ਹੈ? ਇਸੇ ਗਲੀ ਵਿੱਚ ?" ਮੈਡਮ ਜੀ ਨੇ ਦੁਕਾਨਦਾਰ ਨੂੰ ਪੁੱਛਿਆ । "ਹਾਂ ਜੀ ਮੈਡਮ ਜੀ, ਬੇਚਾਰੀ ਦੀ ਕਿਸਮਤ ਹੀ ਖਰਾਬ ਹੈ। ਪਰਿਵਾਰ ਦੇ ਝਗੜੇ ਵਿੱਚ ਬੱਚੀ ਰੁੱਲ ਗਈ ਹੈ।" ਮੈਡਮ ਦੇ ਮੱਥੇ 'ਤੇ ਚਿੰਤਾ ਦੀ ਲਕੀਰ ਉੱਭਰ ਆਈ। ਦੁਕਾਨਦਾਰ ਨੇ ਇਕ-ਦੋ ਗੱਲਾਂ ਹੋਰ ਵੀ ਦੱਸੀਆਂ। ਮੈਡਮ ਸੋਚੀਂ ਪੈ ਗਈ। ਉਹ ਕਿਸੇ ਦੀ ਨਿੱਜੀ ਜ਼ਿਦਗੀ ਵਿੱਚ ਕਿਵੇ ਦਖਲਅੰਦਾਜ਼ੀ ਕਰ ਸਕਦੀ ਸੀ? ਪਰ ਸੋਨਲ! ਉਸ ਦਾ ਕੀ ਕਸੂਰ? ਉਸ ਦੀ ਨਾਲ ਦੀ ਅਧਿਆਪਕਾ ਅੱਜ ਛੁੱਟੀ 'ਤੇ ਸੀ।ਉਸ ਨੇ ਸੋਨਮ ਨੂੰ ਸਟਾਫ਼ ਰੂਮ ਵਿੱਚ ਬੁਲਾਇਆ। ਉਸ ਦੇ ਬਿਖ਼ਰੇ ਵਾਲ ਅਤੇ ਉਦਾਸ ਅੱਖਾਂ ਉਸ ਦੀ ਅੰਦਰਲੀ ਹਾਲਤ ਦੱਸ ਰਹੀਆਂ ਸਨ। 'ਇਥੇ ਬੈਠ ਜਾ ' ਮੈਡਮ ਨੇ ਕਿਹਾ ਅਤੇ ਇਕ ਕੁਰਸੀ ਅੱਗੇ ਕਰ ਦਿੱਤੀ। ਸੋਨਲ ਝਿੱਜਕਦੀ ਹੋਈ ਬੈਠ ਗਈ। "ਸੋਨਲ ਬੇਟਾ ਗੱਲ ਦੱਸ ਕੀ ਹੈ? ਤੂੰ ਕਿਉਂ ਉਦਾਸ ਹੈ?" ਮੈਡਮ ਨੇ ਪਿਆਰ ਨਾਲ ਪੁੱਛਿਆ ਤਾਂ ਉਹ ਹਉਕੇ ਲੈਣ ਲਗ ਪਈ । "ਨਾ ਬੇਟਾ ! ਰੋਣਾ ਨਹੀਂ। ਤੂੰ ਮੇਰੇ ਨਾਲ ਖੁੱਲ੍ਹ ਕੇ ਗੱਲ ਕਰ। ਮੈਂ ਵੀ ਤੇਰੀ ਮਾਂ ਵਰਗੀ ਹਾਂ।" ਸੋਨਮ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ । ਥਿਰਕਦੇ ਸ਼ਬਦਾਂ ਨਾਲ ਉਸ ਨੇ ਬੋਲਣਾ ਸ਼ੁਰੂ ਕੀਤਾ। "ਮੇਰੀ ਦਾਦੀ ਨੇ ਮੇਰੀ ਮੰਮੀ ਨਾਲ ਬਹੁਤ ਲੜਾਈ ਕੀਤੀ ਤੇ ਪਾਪਾ ਨੇ ਵੀ ਮੰਮੀ ਨੂੰ ਮਾਰਿਆ ਸੀ ।ਉਨ੍ਹਾਂ ਨੇ ਮੰਮੀ ਨੂੰ ਘਰੋਂ ਕੱਢ ਦਿੱਤਾ । ਮੰਮੀ ਹੁਣ ਨਾਨੀ ਘਰ ਨੇ । ਦਾਦੀ ਮੈਨੂੰ ਰੋਜ਼ ਗਾਲ੍ਹਾਂ ਕੱਢਦੀ ਹੈ ਅਤੇ ਮਾਰਦੀ ਵੀ ਹੈ।" ਇਸ ਤੋਂ ਜ਼ਿਆਦਾ ਪੁੱਛਣ ਦੀ ਹਿੰਮਤ ਮੈਡਮ ਦੀ ਨਾ ਹੋਈ। ਜਸਵੰਤ ਮੈਡਮ ਨੂੰ ਇਸੇ ਪਿੰਡ ਦੀ ਸੀਮਾ ਮੈਡਮ ਨੇ ਦੱਸਿਆ ਕਿ ਸੋਨਲ ਦੇ ਪਾਪਾ ਸ਼ਹਿਰ ਵਿੱਚ ਕਿਸੇ ਅਫ਼ਸਰ ਦੀ ਗੱਡੀ ਚਲਾਉਂਦੇ ਹਨ ਅਤੇ ਭੂਆ ਵੀ ਸ਼ਹਿਰ ਹੀ ਵਿਆਹੀ ਹੋਈ ਸੀ। ਸੋਨਲ ਦੇ ਨਾਨਕੇ ਵੀ ਲਾਗਲੇ ਪਿੰਡ ਹੀ ਸਨ। ਉਸਦੀ ਨਾਨੀ ਵਿਧਵਾ ਸੀ ਅਤੇ ਸੋਨਲ ਦੀ ਇਕ ਮਾਸੀ ਵੀ ਸੀ। ਸੋਨਲ ਦੀ ਮੰਮੀ ਗਰੈਜੁਏਟ ਸੀ। ਦੂਜੀ ਵਾਰ ਵੀ ਕੁੱਖ 'ਚ ਕੁੜੀ ਬਾਰੇ ਸੁਣ ਕੇ ਸੋਨਲ ਦੀ ਦਾਦੀ ਨੇ ਨੂੰਹ ਨੂੰ ਸਫ਼ਾਈ ਕਰਾਉਣ ਲਈ ਕਿਹਾ। ਉਹ ਨਾ ਮੰਨੀ ਤਾਂ ਵਿਚਾਰੀ ਨੂੰ ਘਰੋਂ ਕੱਢ ਦਿੱਤਾ। ਸੋਨਲ ਦੇ ਪਾਪਾ ਵੀ ਆਪਣੀ ਮਾਂ ਦੇ ਕਹੇ ਹੀ ਚਲਦੇ ਸਨ । "ਪਿੰਡ ਵਾਲਿਆਂ ਅਤੇ ਆਸ ਪਾਸ ਵਾਲੇ ਲੋਕਾਂ ਨੇ ਮਦਦ ਕਿਉਂ ਨਹੀਂ ਕੀਤੀ ? ਕਿੱਥੇ ਗਏ ਪਿੰਡ ਦੇ ਪੰਚ , ਸਰਪੰਚ ?"ਮੈਡਮ ਜਸਵੰਤ ਨੂੰ ਸੁਣ ਕੇ ਗੁੱਸਾ ਆ ਰਿਹਾ ਸੀ। 'ਛੱਡੋ ਜਸਵੰਤ ਮੈਡਮ ! ਅਸੀਂ ਕੀ ਲੈਣਾ। ਸੀਮਾ ਚਾਹ ਦੀ ਚੁਸਕੀ ਲੈਂਦੇ ਹੋਏ ਬੋਲੇ ।'

ਮੈਡਮ ਜਸਵੰਤ ਨੇ ਤਾਂ ਇਹ ਸਭ ਭੋਗਿਆ ਸੀ। ਸੁੱਕੀ ਕੁੱਖ ਦੇ ਮਿਹਣੇ ਸੁਣ ਸੁਣ ਕੇ ਜਦੋਂ ਉਹ ਰੋਂਦੀ ਤਾਂ ਉਸ ਦੇ ਪਤੀ ਨੇ ਹੀ ਉਸਨੂੰ ਸਹਾਰਾ ਦਿੱਤਾ। ਉਸ ਦੇ ਪਤੀ ਦਾ ਪਿਆਰ ਕਿਸੇ ਕਾਰਨ ਨਹੀਂ ਘਟਿਆ । ਬੱਸ ਇਕ ਬੱਚੇ ਦੀ ਕਮੀ ਕਾਰਨ ਘਰ ਦੀਆਂ ਕੰਧਾਂ ਸੁੰਨੀਆਂ ਸਨ । ਮੈਡਮ ਨੇ ਸੋਨਮ ਬਾਰੇ ਆਪਣੇ ਪਤੀ ਨਾਲ ਗੱਲ ਕੀਤੀ। "ਤੂੰ ਫ਼ਿਕਰ ਨਾ ਕਰ, ਮੈ ਪਤਾ ਕਰਦਾ ਹਾਂ ਕੀ ਗੱਲ ਹੈ।" ਮੈਡਮ ਦੇ ਪਤੀ ਬਿਜਲੀ ਮਹਿਕਮੇ ਵਿੱਚ ਉੱਚੇ-ਅਹੁਦੇ 'ਤੇ ਸਨ । ਸ਼ਾਮ ਨੂੰ ਉਨ੍ਹਾ ਨੇ ਦੱਸਿਆ ਕਿ ਸੋਨਮ ਦੇ ਪਾਪਾ ਉਨ੍ਹਾ ਦੇ ਦੋਸਤ ਦੀ ਹੀ ਗੱਡੀ ਚਲਾਉਦੇ ਨੇ। ਅਗਲੇ ਦਿਨ ਕਲਾਸ ਵਿੱਚ ਸੋਨਮ ਗੈਰਹਾਜ਼ਿਰ ਸੀ। ਪਤਾ ਕੀਤਾ ਤਾਂ ਉਸਦੀ ਸਹੇਲੀ ਨੇ ਦੱਸਿਆ ਕਿ ਉਸ ਦੀ ਤਬੀਅਤ ਠੀਕ ਨਹੀ ਸੀ । ਛੁੱਟੀ ਹੋਣ ਤੇ ਮੈਡਮ ਸੋਨਲ ਦੇ ਨਾਨਕੇ ਪਿੰਡ ਚਲੇ ਗਏ। ਪੁੱਛ-ਪੁੱਛਾ ਕੇ ਘਰ ਵੀ ਲੱਭ ਲਿਆ। ਸੋਨਲ ਦੀ ਮੰਮੀ ਇਕ ਸਿੱਧੀ-ਸਾਧੀ ਭੋਲੀ ਜਿਹੀ ਔਰਤ ਸੀ। ਜਸਵੰਤ ਮੈਡਮ ਨੇ ਕਾਫੀ ਦੇਰ ਤੱਕ ਉਸ ਨਾਲ ਗੱਲ ਕੀਤੀ ਅਤੇ ਆਪਣੇ ਨਾਲ ਹੀ ਘਰ ਲੈ ਆਏ।ਆਪਣੇ ਪਤੀ ਨੂੰ ਫ਼ੋਨ ਕਰਕੇ ਸੋਨਲ ਦੇ ਪਾਪਾ ਨੂੰ ਨਾਲ ਲਿਆਉਣ ਲਈ ਕਿਹਾ।ਜਦੋ ਉਸਨੇ ਆਪਣੀ ਪਤਨੀ ਨੂੰ ਉਥੇ ਦੇਖਿਆ ਤਾਂ ਸ਼ਰਮ ਨਾਲ ਨੀਵੀਂ ਪਾ ਕੇ ਬੈਠ ਗਿਆ। ਸ਼ਾਇਦ ਉਸ ਨੂੰ ਗੁੱਸਾ ਵੀ ਆ ਰਿਹਾ ਸੀ ਪਰ ਆਪਣੇ ਮਾਲਕ ਅਤੇ ਮੈਡਮ ਦੇ ਪਤੀ ਦੀ ਮੌਜੂਦਗੀ ਕਾਰਨ ਕੁੱਝ ਨਾ ਬੋਲ ਸਕਿਆ।'ਦੇਖ ਗੁਰਨਾਮ, ਘਰ ਦਾ ਮਾਹੌਲ ਠੀਕ ਬਣਾ ਕੇ ਰੱਖਣਾ ਅਤੇ ਆਪਣੀ ਪਤਨੀ,ਬੱਚਿਆਂ ਦੀ ਦੇਖਭਾਲ ਕਰਨਾ ਤੇਰਾ ਫਰਜ਼ ਹੈ।ਇਹ ਤਾਂ ਤੇਰੀ ਘਰਵਾਲੀ ਹੀ ਸਾਊ ਹੈ।ਜੇ ਕੋਈ ਹੋਰ ਹੁੰਦੀ ਤੈਨੂੰ ਤੇ ਤੇਰੀ ਮਾਂ ਨੂੰ ਕਦੋਂ ਦੀ ਥਾਣਾ ਪਹੁੰਚਾ ਦਿੰਦੀ। ਇਹ ਹੁਣ ਤੂੰ ਸੋਚਣਾ ਹੈ।ਇਹ ਹੁਣ ਇਕਲੀ ਨਹੀਂ।

**ਬਾਕੀ ਸਫਾ 28 'ਤੇ**

ਮਹਾਨ ਵਿਚਾਰਕ



# ਖਲੀਲ ਜ਼ਿਬਰਾਨ (1883-1931)

**ਪ੍ਰਿਤਪਾਲ ਸਿੰਘ**
ਰੂਪਨਗਰ

20ਵੀਂ ਸਦੀ ਦੇ ਸਭ ਤੋਂ ਵੱਧ ਪ੍ਰਤਿਭਾਸ਼ਾਲੀ, ਮੌਲਿਕ, ਦਾਰਸ਼ਨਿਕ ਅਤੇ ਹਰਮਨ ਪਿਆਰੇ ਕਵੀ ਤੇ ਚਿੱਤਰਕਾਰ ਹੋਏ ਹਨ, ਖਲੀਲ ਜਿਬਰਾਨ। ਆਪ ਦਾ ਜਨਮ ਲੈਬਨਾਨ ਦੇਸ਼ ਵਿੱਚ ਇੱਕ ਗਰੀਬ ਪਾਦਰੀ ਦੇ ਘਰ ਹੋਇਆ ਪਰ ਉਨ੍ਹਾਂ ਨੇ ਬਹੁਤਾ ਸਮਾਂ ਅਮਰੀਕਾ ਵਿੱਚ ਗੁਜ਼ਾਰਿਆ। ਆਪ ਨੇ ਅੰਗਰੇਜ਼ੀ ਅਤੇ ਅਰਬੀ ਭਾਸ਼ਾਵਾਂ ਵਿੱਚ ਰਚਨਾਵਾਂ ਕੀਤੀਆਂ ਹਨ ਜਿਨ੍ਹਾਂ ਵਿੱਚੋਂ ਵਿਸ਼ਵ-ਪ੍ਰਸਿੱਧ ਹੈ, "ਪ੍ਰਾਫਿਟ(ਪੈਗੰਬਰ)"। ਇਸ ਪੁਸਤਕ ਵਿੱਚ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਿਤ ਅਤਿ ਆਧੁਨਿਕ ਅਤੇ ਮੌਲਿਕ ਵਿਚਾਰਾਂ ਨਾਲ ਲਬਰੇਜ਼ ਮਨੁੱਖੀ ਆਤਮਾ ਅਤੇ ਦਿਮਾਗ ਨੂੰ ਝੰਜੋੜ ਦੇਣ ਵਾਲੀਆਂ 26 ਰਚਨਾਵਾਂ ਹਨ। ਇਸ ਪੁਸਤਕ ਦੀਆਂ ਕੇਵਲ ਅਮਰੀਕਾ ਵਿੱਚ ਹੀ ਇੱਕ ਕਰੋੜ ਤੋਂ ਵੱਧ ਕਾਪੀਆਂ ਵਿਕੀਆਂ ਅਤੇ ਇਸ ਦਾ 40 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ। ਸ਼ੇਕਸਪੀਅਰ ਅਤੇ ਲਾਓ ਜ਼ੇ ਤੋਂ ਬਾਅਦ ਦੁਨੀਆਂ ਦਾ ਸਭ ਤੋਂ ਵੱਧ ਵਿਕਣ ਵਾਲਾ ਲੇਖਕ ਖਲੀਲ ਜ਼ਿਬਰਾਨ ਹੈ। ਉਹ ਸ਼ਾਂਤੀ ਅਤੇ ਧਰਮਾਂ ਦੀ ਏਕਤਾ ਦਾ ਕਵੀ ਸੀ। ਆਪ 'ਤੇ ਈਸਾਈ, ਇਸਲਾਮ ਅਤੇ ਸੂਫੀਵਾਦ ਦਾ ਪ੍ਰਭਾਵ ਸੀ ਪਰ ਉਹ ਇਨ੍ਹਾਂ ਧਰਮਾਂ ਤੋਂ ਉੱਪਰ ਉੱਠ ਗਿਆ ਸੀ।

ਆਪ ਨੇ ਰਵਾਇਤੀ ਧਾਰਮਿਕ ਦ੍ਰਿਸ਼ਟੀਕੋਣ ਤੋਂ ਹਟਵੇਂ ਮੌਲਿਕ ਵਿਚਾਰਾਂ ਦਾ ਪ੍ਰਗਟਾਵ ਕੀਤਾ ਹੈ। ਨਮੂਨੇ ਵਜੋਂ 'ਦਾਨ' ਪ੍ਰਤਿ ਆਪ ਦੇ ਵਿਚਾਰ ਇਸ ਪ੍ਰਕਾਰ ਹਨ-

"ਜਦੋਂ ਤੁਸੀਂ ਆਪਣੀ ਦੌਲਤ ਵਿੱਚੋਂ ਕੁੱਝ ਦਿੰਦੇ ਹੋ ਤਾਂ ਕੁੱਝ ਵੀ ਨਹੀਂ ਦਿੰਦੇ।...ਆਖਰ ਧਨ ਦੌਲਤ ਹੈ ਕੀ ? ਇਹ ਸਿਰਫ ਉਹ ਚੀਜ਼ਾਂ ਹਨ ਜਿਹੜੀਆਂ ਤੁਸੀਂ ਇਸ ਲਈ ਸੰਭਾਲ ਕੇ ਰਖਦੇ ਹੋ ਕਿਉਂਕਿ ਤੁਸੀਂ ਡਰਦੇ ਹੋ ਕਿ ਕਿਤੇ ਕੱਲ੍ਹ ਨੂੰ ਇਨ੍ਹਾਂ ਦੀ ਲੋੜ ਨਾ ਪੈ ਜਾਵੇ।... ਇਹ ਤਾਂ ਇਵੇਂ ਹੈ ਕਿ ਜਿਵੇਂ ਕਿਸੇ ਪਵਿੱਤਰ ਸ਼ਹਿਰ ਨੂੰ ਜਾਂਦੇ ਤੀਰਥ ਯਾਤਰੀਆਂ ਦੇ ਪਿੱਛੇ ਪਿੱਛੇ ਜਾਂਦਾ ਕੋਈ ਕੁੱਤਾ ਬਚੀਆਂ ਖੁਚੀਆਂ ਹੱਡੀਆਂ ਉਂਚੇ-ਨੀਵੇਂ ਟਿੱਬਿਆਂ ਵਿੱਚ ਇਸ ਆਸ ਨਾਲ ਦੱਬਦਾ ਜਾਵੇ ਕਿ ਮੁੜਦੇ ਸਮੇਂ ਉਸ ਨੂੰ ਇਨ੍ਹਾਂ ਦੀ ਲੋੜ ਪੈ ਸਕਦੀ ਹੈ ਪਰ ਉਸ ਨੂੰ ਇਹ ਰਾਹ ਕਦੇ ਲੱਭਿਆ ਹੀ ਨਹੀਂ।...ਜੇਕਰ ਤੁਹਾਡਾ ਖੂਹ ਮਿੱਠੇ ਪਾਣੀ ਨਾਲ ਭਰਿਆ ਹੋਵੇ ਅਤੇ ਤੁਸੀਂ ਪਿਆਸੇ ਮਰਨ ਤੋਂ ਡਰੀ ਜਾਵੋਂ ਤਾਂ ਤੁਹਾਡੀ ਪਿਆਸ ਕਦੇ ਨਹੀਂ ਬੁਝ ਸਕਦੀ।..."

"ਅਜਿਹੇ ਲੋਕ ਵੀ ਹੁੰਦੇ ਹਨ ਜਿਨ੍ਹਾਂ ਕੋਲ ਦੇਣ ਲਈ ਬਹੁਤ ਕੁੱਝ ਹੁੰਦਾ ਹੈ ਪਰ ਉਹ ਕੁੱਝ ਨਹੀਂ ਦਿੰਦੇ ਅਤੇ ਜੇ ਦਿੰਦੇ ਵੀ ਹਨ ਤਾਂ ਸਿਰਫ ਨਾਮਣਾ ਖੱਟਣ ਲਈ। ਇਹ ਛੁਪੀ ਇੱਛਾ ਉਨ੍ਹਾਂ ਦੇ ਦਾਨ ਨੂੰ ਵਿਅਰਥ ਕਰ ਦਿੰਦੀ ਹੈ।... ਅਜਿਹੇ ਲੋਕ ਵੀ ਹਨ ਜਿਨ੍ਹਾਂ ਕੋਲ ਬਹੁਤ ਘੱਟ ਹੁੰਦਾ ਹੈ ਪਰ ਉਹ ਸਭ ਕੁੱਝ ਦੇ ਦਿੰਦੇ ਹਨ। ਅਜਿਹੇ ਲੋਕ ਜ਼ਿੰਦਗੀ ਅਤੇ ਇਸ ਦੇ ਵਰਦਾਨਾਂ ਉੱਤੇ ਭਰੋਸਾ ਰਖਦੇ ਹਨ ਜੋ ਕਦੇ ਖਾਲੀ ਨਹੀਂ ਹੁੰਦੇ।... ਅਜਿਹੇ ਲੋਕ ਵੀ ਹੁੰਦੇ ਹਨ ਜਿਹੜੇ ਖੁਸ਼ੀ ਖੁਸ਼ੀ ਦਿੰਦੇ ਹਨ ਅਤੇ ਇਹ ਖੁਸ਼ੀ ਹੀ ਉਨ੍ਹਾਂ ਦਾ ਫਲ ਹੁੰਦੀ ਹੈ।... ਅਜਿਹੇ ਲੋਕ ਵੀ ਹੁੰਦੇ ਹਨ ਜਿਹੜੇ ਤਕਲੀਫ ਸਹਿ ਕੇ ਵੀ ਕੁੱਝ ਦਿੰਦੇ ਹਨ ਅਤੇ ਇਹ ਕੰਮ ਉਨ੍ਹਾਂ ਨੂੰ ਪਵਿੱਤਰ ਕਰ ਦਿੰਦਾ ਹੈ।... ਅਜਿਹੇ ਲੋਕ ਵੀ ਹੁੰਦੇ ਹਨ ਜਿਹੜੇ ਬਹੁਤ ਕੁੱਝ ਦਿੰਦੇ ਹਨ ਪਰ ਉਹ ਨਾ ਤਕਲੀਫ ਮਹਿਸੂਸ ਕਰਦੇ ਹਨ, ਨਾ ਖੁਸ਼ੀ ਅਤੇ ਨਾ ਹੀ ਇਸ ਨੂੰ ਚਿਤਾਰਦੇ ਹਨ। ਉਹ ਇਸ ਤਰ੍ਹਾਂ ਦਿੰਦੇ ਹਨ ਜਿਵੇਂ ਔਹ ਸਾਹਮਣੇ ਵਾਲੀ ਵਾਦੀ ਦੀ ਫਿਜ਼ਾ ਵਿੱਚ ਜੰਗਲੀ ਮਹਿੰਦੀ ਦੀਆਂ ਚਿੱਟੀਆਂ ਕਲੀਆਂ ਖੁਸ਼ਬੂ ਬਿਖੇਰਦੀਆਂ ਹਨ। ਅਜਿਹੇ ਲੋਕਾਂ ਦੇ ਹੱਥਾਂ ਵਿੱਚ ਰੱਬ ਬੋਲਦਾ ਹੈ ਅਤੇ ਉਨ੍ਹਾਂ ਦੇ ਨੈਣਾਂ ਵਿੱਚ ਰੱਬ ਧਰਤੀ 'ਤੇ ਮੁਸਕਰਾਉਂਦਾ ਹੈ।..."



"ਤੁਹਾਡੇ ਕੋਲ ਜੋ ਕੁੱਝ ਵੀ ਹੈ ਉਹ ਕਿਸੇ ਦਿਨ ਦੇ ਦਿੱਤਾ ਜਾਣਾ ਹੈ। ਇਸ ਲਈ ਹੁਣੇ ਦੇ ਦਿਓ ਤਾਂ ਕਿ ਵੰਡਣ ਦੀ ਰੁੱਤ ਤੁਹਾਡੇ ਹਿੱਸੇ ਆ ਜਾਵੇ, ਨਾ ਕਿ ਤੁਹਾਡੇ ਵਾਰਸਾਂ ਦੇ।..."

"ਤੁਸੀਂ ਦਾਨੀ ਕਹਾਉਂਦੇ ਹੋ। ਪਰ ਦਰਅਸਲ ਹੋ ਸਿਰਫ ਦਰਸ਼ਕ।...ਦਾਨ ਦੇ ਕੇ ਜਤਲਾਉਣਾ ਅਤੇ ਲੈ ਕੇ ਅਹਿਸਾਨ ਮੰਨਣਾ ਉਸ ਵਿਧਾਤਾ ਦੀ ਖੁੱਲ੍ਹਦਿਲੀ 'ਤੇ ਸ਼ੱਕ ਕਰਨਾ ਹੈ ਜਿਸ ਨੇ ਇਹ ਵਿਸ਼ਾਲ ਹਿਰਦੇ ਵਾਲੀ ਧਰਤੀ ਮਾਂ ਦਿੱਤੀ ਹੈ ਅਤੇ ਉਹ ਖੁਦ ਸਭ ਦਾ ਪਿਤਾ ਹੈ।..."

❊❊❊

**ਸਫਾ 27 ਦੀ ਬਾਕੀ**

ਅੱਜ ਕੱਲ੍ਹ ਕੁੜੀਆਂ,ਮੁੰਡਿਆਂ ਵਿੱਚ ਕੀ ਫਰਕ ਹੈ? ...' ਥੋੜ੍ਹੀ ਦੇਰ ਚੁੱਪੀ ਛਾ ਗਈ। ਕੁਝ ਦੇਰ ਬਾਅਦ ਗੁਰਨਾਮ ਬੋਲਿਆ, 'ਤੁਸੀਂ ਠੀਕ ਹੀ ਕਹਿੰਦੇ ਹੋ? ਮੈਡਮ ਸਭ ਸਮਝ ਗਿਆ ਹਾਂ। ਹੁਣ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗਾ'। ਉਹ ਥੋੜ੍ਹਾ ਡਰ ਵੀ ਗਿਆ ਸੀ। 'ਚੱਲ ਠੀਕ ਹੈ,ਅਜੇ ਕੋਈ ਦੇਰ ਨਹੀਂ ਹੋਈ।ਆਪਣਾ ਪਰਿਵਾਰ ਸਾਂਭੋ। ਨਾਲੇ ਸੋਨਲ ਦੀ ਮੰਮੀ! ਤੁਸੀ ਵੀ ਆਪਣੇ ਹੱਕਾਂ ਪ੍ਰਤੀ ਸਚੇਤ ਰਹੋ'। ਜਸਵੰਤ ਮੈਡਮ ਨੂੰ ਵੀ ਜੋਸ਼ ਆ ਗਿਆ ਸੀ।ਚਾਹ ਦਾ ਕੱਪ ਪੀ ਕੇ ਸਭ ਚਲੇ ਗਏ।ਅੱਜ ਮੈਡਮ ਜੀ ਬਹੁਤ ਖੁਸ਼ ਸਨ।ਅਗਲੀ ਸਵੇਰ ਕਲਾਸ ਵਿੱਚ ਹਸੂੰ-ਹਸੂੰ ਕਰਦੀ ਸੋਨਲ ਨੂੰ ਵੇਖ ਕੇ ਮੈਡਮ ਜਸਵੰਤ ਦਾ ਮਨ ਵੀ ਗੁਲਾਬ ਵਾਂਗ ਖਿੜ ਗਿਆ।

ਸੱਭਿਆਚਾਰਕ ਸੰਕਟ - ਇੱਕ ਦ੍ਰਿਸ਼ਟੀਕੋਨ



# ਇਸ ਤੋਂ ਅੱਗੇ ਕੀ ?

ਮਨਜੀਤ ਸਿੰਘ ਤੰਬੜ
ਪੰਜੌੜ (ਹੁਸ਼ਿਆਰਪੁਰ)

ਹੁਣ ਇਸ ਤੋਂ ਅੱਗੇ ਕੀ ਬਣੇਗਾ? ਇਹ ਮੈਨੂੰ ਨਹੀਂ ਪਤਾ। ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੇਰੀਆਂ ਦੋ ਭੈਣਾਂ ਦਾ ਇਕੱਠੀਆਂ ਦਾ ਵਿਆਹ ਹੋਇਆ ਸੀ। ਜੇਠ ਦਾ ਮਹੀਨਾ ਸੀ। ਇਸ ਦੇ ਬਾਵਜੂਦ ਵੀ ਉਨ੍ਹਾਂ ਦੋਨਾਂ ਨੂੰ ਵੱਡੀਆਂ ਵੱਡੀਆਂ ਭਾਰੀਆਂ ਖੱਦਰ ਦੀਆਂ ਫੁੱਲਕਾਰੀਆਂ ਵਿੱਚ ਲਪੇਟਿਆ ਹੋਇਆ ਸੀ। ਸਾਡੇ ਕੱਚੇ ਮਿੱਟੀ ਦੇ ਬਣੇ ਘਰ ਦੇ ਇੱਕ ਕਮਰੇ ਵਿੱਚੋਂ ਭਾਪਾ ਜੀ ਨੇ ਛੋਟੀਆਂ ਬਾਲੜੀਆਂ ਵਾਂਗ ਦੋਵਾਂ ਨੂੰ ਵਾਰੀ ਵਾਰੀ ਆਪਣੇ ਮੋਢਿਆਂ 'ਤੇ ਚੁੱਕ ਕੇ ਲਾਵਾਂ ਲਈ ਮਹਾਰਾਜ ਜੀ ਦੀ ਹਜ਼ੂਰੀ ਵਿਚ ਲਿਆ ਕੇ ਬਿਠਾਇਆ ਸੀ। ਉਨ੍ਹਾਂ ਦੇ ਸਰੀਰ ਦਾ ਕੋਈ ਅੰਗ-ਹੱਥ ਜਾਂ ਪੈਰ ਨੰਗਾ ਹੋ ਕੇ ਲਾਵਾਂ ਵਿੱਚ ਬੈਠੇ ਬਰਾਤੀਆਂ ਨੂੰ ਕਿਤੇ ਦਿਸ ਨਾ ਜਾਏ ਇਸ ਦਾ ਪੂਰਾ ਧਿਆਨ ਕੋਲ ਬੈਠੀਆਂ ਮੇਰੀਆਂ ਭੂਆਂ ਨੇ ਰੱਖਿਆ ਸੀ। ਹਰੇਕ ਲਾਵ ਦੇ ਫੇਰੇ ਵੇਲੇ ਪਹਿਲਾਂ ਉਹ ਆਪ ਉਠਦੀਆਂ, ਫਿਰ ਭੈਣਾਂ ਨੂੰ ਆਪ ਪੂਰੀ ਤਰ੍ਹਾਂ ਸਹਾਰਾ ਦੇ ਕੇ ਉਠਾਉਂਦੀਆਂ। ਉਨ੍ਹਾਂ ਦਾ ਕੱਪੜਾ ਠੀਕ ਤਰ੍ਹਾਂ ਕਰਨ ਤੋਂ ਬਾਦ ਕੋਲ ਖੜ੍ਹੇ ਸ਼ਰੀਕੇ ਦੇ ਜਾਂ ਰਿਸ਼ਤੇਦਾਰਾਂ ਵਿੱਚੋਂ ਲਗਦੇ ਕਿਸੇ ਭਰਾ (ਅਸੀਂ ਦੋਨੋ ਭਰਾ ਬਹੁਤ ਛੋਟੇ ਸੀ) ਨੂੰ ਚੰਗੀ ਤਰ੍ਹਾਂ ਸੰਭਾਲ ਕੇ ਆਪਣੀ ਜਗ੍ਹਾ ਆ ਕੇ ਖੜ੍ਹੀਆਂ ਹੋ ਜਾਂਦੀਆਂ। ਹਰ ਭਰਾ, ਭੈਣ ਨਾਲ ਇੱਕ ਦੋ ਕਦਮ ਚੱਲ ਕੇ ਅੱਗੇ ਤੋਂ ਅੱਗੇ ਇਕ ਦੂਸਰੇ ਨੂੰ ਸੰਭਾਲ ਕੇ ਫਿਰ ਆਪਣੀ ਜਗ੍ਹਾ ਆ ਕੇ ਖੜ੍ਹੇ ਹੋ ਜਾਂਦੇ। ਉਹ ਸਾਰੇ ਉਦੋਂ ਤੱਕ ਖੜ੍ਹੇ ਰਹਿੰਦੇ, ਜਦੋਂ ਤੱਕ ਲਾਵ ਪੂਰੀ ਨਾ ਹੋ ਜਾਂਦੀ। ਉਦੋਂ ਲਾਵਾਂ ਵੇਲੇ ਦੂਰੋਂ ਨੇੜਿਓਂ ਲਗਦੇ ਸਾਰੇ ਭਰਾ ਲਾਵਾਂ ਕਰਵਾਉਣ ਲਈ ਮਹਾਰਾਜ ਦੇ ਚਾਰੇ ਪਾਸੇ ਜਿੱਥੋਂ ਲਾਵਾਂ ਲਈ ਵਿਆਹ ਵਾਲੇ ਜੋੜੇ ਨੇ ਲੰਘਣਾ ਹੁੰਦਾ ਸੀ, ਆਪਣੀ ਭੈਣ ਨੂੰ ਸਹਾਰਾ ਦੇਣ ਲਈ ਆਪਣੇ ਆਪ ਆ ਖੜ੍ਹੇ ਹੋ ਜਾਂਦੇ ਸਨ। ਕਿਸੇ ਨੂੰ ਆਖਣ ਦੀ ਜ਼ਰੂਰਤ ਨਹੀਂ ਸੀ ਪੈਂਦੀ।

ਸਮੇਂ ਨੇ ਥੋੜ੍ਹੀ ਕਰਵਟ ਤਾਂ ਲਈ। ਲੜਕੀ ਨੇ ਮੋਟੇ ਖੱਦਰ ਦੀ ਫੁੱਲਕਾਰੀ ਦੀ ਥਾਂ ਵੱਡਾ ਸਾਰਾ ਲਾਲ ਸਾਲੂ (ਚਾਦਰ ਵਰਗਾ ਲਾਲ ਕੱਪੜਾ) ਲਾਵਾਂ ਵਿੱਚ ਲੈਣਾ ਸ਼ੁਰੂ ਕਰਾ ਦਿੱਤਾ। ਹੁਣ ਲੜਕੀ ਨੂੰ ਚੁੱਕ ਕੇ ਲਿਆਉਣ ਦੀ ਥਾਂ ਸਹਾਰਾ ਦੇ ਕੇ ਲਿਆਉਣਾ ਵੀ ਸ਼ੁਰੂ ਹੋ ਗਿਆ। ਕਈ ਸਿਆਣੀ ਉਮਰ ਦੀਆਂ ਔਰਤਾਂ ਗੱਲਾਂ ਵੀ ਕਰਦੀਆਂ ਆਖਦੀਆਂ, "ਜਮਾਨੇ ਨੂੰ ਕੀ ਬੇਸ਼ਰਮੀ ਦੀ ਵਾਅ ਵਗ ਗਈ ਆ। ਇੱਕ ਫੁੱਲਕਾਰੀ ਨੀ ਏਨ੍ਹਾਂ ਕੁੜੀਆਂ ਤੋਂ ਸਾਂਭੀ ਜਾਂਦੀ। ਸਾਡੇ ਵੇਲੇ ਦੋ ਦੋ ਲੈਂਦੀਆਂ ਸੀ ਕੁੜੀਆਂ। ਕੇਹਾ ਕਲਯੁਗ ਆ ਗਿਆ"। ਸਮਾ ਹੋਰ ਬਦਲਿਆ। ਕਿਹਾ ਜਾਣ ਲੱਗਾ ਕਿ ਗਰਮੀ ਵਿੱਚ ਲੜਕੀ ਨੂੰ ਏਨੇ ਭਾਰੇ ਸਾਲੂ ਵਿੱਚ ਲਪੇਟਣਾ ਅਨਿਆਂ ਹੈ। ਤਾਂ ਸਾਲੂ ਦਾ ਸਥਾਨ ਲਾਲ ਸੂਹੇ ਦੁਪੱਟੇ ਨੇ ਲੈ ਲਿਆ। ਹੁਣ ਘੁੰਢ ਵੀ ਇੱਕ ਹੱਥ ਦੀ ਥਾਂ ਇੱਕ ਗਿੱਠ ਹੋ ਗਿਆ।

ਪਹਿਲਾਂ-ਪਹਿਲ ਪਿੰਡ ਦੇ ਨਾਈ ਜੋ ਬਹੁਤ ਸਿਆਣੇ ਸਮਝੇ ਜਾਂਦੇ ਸਨ, ਨੌਜਵਾਨ ਮੁੰਡੇ/ ਕੁੜੀਆਂ ਲਈ ਰਿਸ਼ਤੇ ਲਿਆਇਆ ਕਰਦੇ ਸਨ। ਲੋਕ ਇਨ੍ਹਾਂ ਨੂੰ ਸਤਿਕਾਰ ਵਜੋਂ ਰਾਜੇ ਕਿਹਾ ਕਰਦੇ ਸਨ। ਫਿਰ ਮਾਤਾ-ਪਿਤਾ ਆਪਣੇ ਬੱਚਿਆਂ ਲਈ ਰਿਸ਼ਤੇ ਆਪ ਲੱਭਣ ਲੱਗੇ।

ਪਰ ਇਹ ਰਿਵਾਜ ਵੀ ਚਿਰ ਸਦੀਵੀ ਨਾ ਰਿਹਾ।



ਇਕਦਮ ਦੇਖਦਿਆਂ-ਦੇਖਦਿਆਂ ਹੀ ਸਭ ਕੁੱਝ ਬਦਲ ਗਿਆ। ਵਿਆਹ ਦੇ ਪਵਿੱਤਰ ਰਿਸ਼ਤੇ ਦੀ ਪਰਿਭਾਸ਼ਾ ਬਦਲ ਗਈ। ਭੈਣ-ਭਰਾਵਾਂ ਦਾ ਪਿਆਰ ਫਿੱਕਾ ਪੈ ਗਿਆ। ਉਹ ਵੀ ਸਮਾਂ ਸੀ ਜਦੋਂ ਭਰਾ, ਭੈਣਾਂ ਦੇ ਵਿਆਹ ਨਾਲ ਤੁਰਦੇ ਸਮੇ ਅੰਦਰ ਵੜ ਕੇ ਭੁੱਬਾਂ ਮਾਰ ਕੇ ਰੋਇਆ ਕਰਦੇ ਸਨ। ਡੋਲ਼ੀ ਤੁਰਨ ਵੇਲੇ ਭੈਣਾ ਕਿੰਨੀ ਕਿੰਨੀ ਵਾਰ ਭਰਾਵਾਂ ਦੇ ਗਲੇ ਨਾਲ ਚਿੰਬੜ ਕੇ ਰੋਂਦੀਆਂ ਸਨ। ਮਾਵਾਂ ਦੇ ਗਲ਼ੇ ਮਿਲਦੀਆਂ ਹੋਈਆਂ ਦਾ ਵਿਰਲਾਪ ਦੇਖਿਆ ਨਾ ਜਾਂਦਾ। ਉੱਥੇ ਖੜ੍ਹਿਆਂ ਦੀ ਕੋਈ ਵੀ ਅੱਖ ਐਸੀ ਨਾ ਹੁੰਦੀ ਜਿਸ ਵਿੱਚ ਪਾਣੀ ਨਾ ਆਉਂਦਾ। ਉਸ ਵਿਛੋੜੇ ਭਰੇ ਪਲ ਨੂੰ ਬੈਂਡਵਾਲੇ " ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਏਂ......" ਦੀ ਧੁਨ ਲਗਾ ਕੇ ਹੋਰ ਗਮਗੀਨ ਬਣਾ ਦਿੰਦੇ। ਭੁੱਬਾਂ ਮਾਰਦੀ ਧੀ ਬਾਪ ਦੇ ਗਲ਼ ਦੁਆਲੇ ਬਾਹਾਂ ਦੀ ਗਲਵੱਕੜੀ ਇੰਨੀ ਕੱਸ ਕੇ ਪਾਉਂਦੀ ਕਿ ਹੋਰਨਾਂ ਨੂੰ ਬੜੀ ਮੁਸ਼ਕਿਲ ਨਾਲ ਅੱਡ ਕਰਨਾ ਪੈਂਦਾ। ਫਿਰ ਰਿਸ਼ਤੇਦਾਰਾਂ ,ਆਂਹਡੀਆਂ-ਗੁਆਂਡੀਆਂ ਅਤੇ ਸਹੇਲੀਆਂ ਨੂੰ ਮਿਲਦੀ ਰੋਂਦੀ ਹੋਈ ਨੂੰ ਬੈਲ ਗੱਡੀ ਵਿੱਚ ਬਿਠਾ ਦਿੱਤਾ ਜਾਂਦਾ। ਭੈਣ ਦੇ ਲਾਡਲੇ ਛੋਟੇ ਭਰਾ ਨੂੰ ਭੈਣ ਦੇ ਨਾਲ ਹੀ ਉਸ ਨੂੰ ਉਸ ਦੇ ਸੌਹਰੇ ਘਰ ਤੱਕ ਛੱਡਣ ਲਈ ਭੇਜ ਦਿੱਤਾ ਜਾਂਦਾ ਤਾਂ ਕਿ ਧੀ ਆਪਣਾ ਪੇਕਾ ਘਰ ਛੱਡਣ ਨਾਲ ਉਦਾਸ ਨਾ ਹੋ ਜਾਵੇ।

ਜਦੋਂ ਸਮੇਂ ਨੇ ਹੋਰ ਵੱਡੀਆਂ ਪੁਲਾਂਗਾਂ ਪੁੱਟੀਆਂ ਤਾਂ ਸਮੇ ਦੀ ਰਫਤਾਰ ਹੋਰ ਤੇਜ਼ ਹੋ ਗਈ। ਪੰਜਾਬ ਦੇ ਰੀਤੀ ਰਿਵਾਜਾਂ ਦੀ ਵਾਗਡੋਰ ਨੌਜਵਾਨ ਪੀੜ੍ਹੀ ਨੇ ਆਪਣੇ ਹੱਥਾਂ ਵਿੱਚ ਲੈ ਲਈ। ਮੁੰਡੇ ਕੁੜੀਆਂ ਆਹਮਣੇ-ਸਾਹਮਣੇ ਆ ਗਏ। ਸਿਨੇਮਾ ਘਰਾਂ ਅਤੇ ਟੈਲੀਵੀਜ਼ਨਾ ਦੀਆਂ ਫਿਲਮਾਂ ਨੌਜਵਾਨ ਪੀੜ੍ਹੀ ਦੀ ਅਗਵਾਈ ਕਰਨ ਲੱਗੀਆਂ। ਇਸ ਅੰਨ੍ਹੀ ਦੌੜ ਨਾਲ ਉੱਡ ਗਈਆਂ ਉਹ ਫੁੱਲਕਾਰੀਆਂ ਜਿਨ੍ਹਾਂ ਵਿੱਚ ਲਪੇਟ ਕੇ ਸੱਜ-ਵਿਆਹੀ ਨੂੰ ਸਹੁਰੇ ਘਰ ਲਿਆਇਆ ਜਾਂਦਾ ਸੀ। ਗੁਆਚ ਗਏ ਉਹ ਲਾਲ ਸੂਹੇ ਸਾਲੂ ਵਾਲੇ ਕੱਢੇ ਹੋਏ ਗਿਠ-ਗਿਠ ਲੰਬੇ ਘੁੰਡ ਜਿਨ੍ਹਾਂ ਅੰਦਰ ਹੁਸਨ ਦੀ ਅੱਗ

ਬਲਦੀ ਹੁੰਦੀ ਸੀ। ਜਿਹੜੇ ਸਾਲਾਂਬੱਧੀ ਔਰਤ ਦੀ ਲਾਜ ਨੂੰ ਸੰਭਾਲੀ ਰੱਖਦੇ। ਜਿੰਨ੍ਹਾਂ ਕਰਕੇ ਪਿੰਡ ਵਾਲੇ ਤਾਂ ਕੀ, ਘਰ ਦੇ ਮਰਦਾਂ ਨੂੰ ਵੀ ਬਹੂ ਦਾ ਚਿਹਰਾ ਦੇਖਣ ਲਈ ਕਈ ਵਰ੍ਹੇ ਬੀਤ ਜਾਂਦੇ। ਇਹ ਘੁੰਢ ਤਾਂ ਸ਼ਾਇਦ ਪੱਛਮ ਵਲੋਂ ਆਈ ਚਿੱਟੀ 'ਵਾ' ਨੇ ਉਡਾ ਸੁੱਟੇ। ਇਹ ਚਿੱਟੀ ਹਵਾ ਘੁੰਡ ਦੇ ਨਾਲ ਨਾਲ ਔਰਤ ਜਾਤੀ ਦਾ ਸਭ ਕੁਝ ਵਾਵਰੋਲੇ ਵਿੱਚ ਵਲੇਟ ਕੇ ਲੈ ਗਈ, ਸਿਰ ਦੀ ਚੁੰਨੀ ਲਾਹ ਕੇ ਔਰਤ ਨੂੰ ਸਿਰੋਂ ਨੰਗਾ ਕਰ ਗਈ, ਅੱਖਾਂ ਦੀ ਸ਼ਰਮ ਲੈ ਗਈ, ਹਯਾ ਲੈ ਗਈ, ਲਾਜ ਲੈ ਗਈ, ਸ਼ਰ੍ਹਾ ਲੈ ਗਈ। ਇਥੋਂ ਤੱਕ ਕਿ ਸਰੀਰ ਦੇ ਅੱਧ-ਪਚੱਧੇ ਕਪੜੇ ਵੀ ਪਾੜ ਕੇ ਲੈ ਗਈ। ਇਸ ਦੇ ਬਦਲੇ ਦੇ ਗਈ ਅੱਧ-ਨੰਗੀਆਂ ਲੱਤਾਂ ਵਾਲੀਆਂ ਟਾਕੀਆਂ ਲੱਗੀਆਂ ਜੀਨ ਦੀਆਂ ਪੈਂਟਾਂ, ਅੱਧ-ਢਕੇ ਪੇਟ ਵਾਲੇ ਟੌਪ।

ਇਸ ਸਭ ਦਾ ਭਾਂਡਾ ਤਾਂ ਪੱਛਮ ਸਿਰ ਭੰਨਿਆਂ ਜਾ ਸਕਦਾ ਹੈ ਪਰ ਧੀਆਂ ਨੂੰ ਸਟੇਜਾਂ ਉੱਤੇ ਚੜ੍ਹ ਕੇ ਨੱਚਣ ਕਿਨ੍ਹੇ ਲਾਇਆ? ਕਿਨ੍ਹੇ ਕਿਹਾ ਬੇਆਬਰੂ ਹੋ ਕੇ ਨੱਚਦੀ ਧੀ ਲਈ ਬਾਪ ਤਾੜੀਆਂ ਮਾਰੇ? ਤੁਹਾਨੂੰ ਕੌਣ ਕਹਿੰਦਾ ਏ? 'ਜਾਹ ਜਾ ਕੇ ਆਪਣੀ ਧੀ ਦੇ ਮੋਢੇ ਉੱਤੇ ਹੱਥ ਰੱਖ ਕੇ ਨੱਚੋ, ਆਪਣੀ ਭੈਣ ਦੀਆਂ ਉਂਗਲਾਂ ਵਿੱਚ ਉਂਗਲਾਂ ਪਾ ਕੇ ਗੇੜੇ ਦਿਉ? ਕੌਣ ਸਿਖਾ ਗਿਆ ਇਨ੍ਹਾਂ ਕੁੜੀਆਂ ਨੂੰ ਕਿ ਉਹ ਆਪਣੇ ਵਿਆਹ ਵਿੱਚ ਸ਼ਰੇਆਮ ਆਪਣੇ ਮਾਂ-ਬਾਪ, ਬਾਬਾ-ਦਾਦੀ, ਸੱਸ-ਸਹੁਰੇ, ਦਿਉਰਾਂ-ਜੇਠਾਂ ਅਤੇ ਹੋਰ ਰਿਸ਼ਤੇਦਾਰਾਂ ਦੇ ਸਾਹਮਣੇ ਬੇਸ਼ਰਮੀ ਨਾਲ ਆਪਣੇ ਹਾਲੇ ਕੁੱਝ ਚਿਰ ਪਹਿਲਾਂ ਬਣੇ ਪਤੀ ਨਾਲ ਇਕ ਦੂਜੇ ਦੀਆਂ ਬਗਲਾਂ ਵਿੱਚ ਬਾਹਾਂ ਪਾ ਕੇ ਨੱਚੇ? ਕੀ ਇਹ ਹੀ ਰਹਿ ਗਿਆ ਆਪਣੇ ਮਨ ਦੀ ਖੁਸ਼ੀ ਜ਼ਾਹਰ ਕਰਨ ਦਾ ਤਰੀਕਾ? ਕੀ ਇਹ ਹੀ ਹੈ ਸਾਡਾ ਨਵਾਂ ਪੰਜਾਬੀ ਸੱਭਿਆਚਾਰ? ਸਮਾਜ ਸੁਧਾਰਕਾਂ ਨੇ ਤਾਂ ਔਰਤ ਦੀ ਮਾਨਸਿਕ ਆਜ਼ਾਦੀ ਦੀ ਗੱਲ ਕੀਤੀ ਸੀ, ਸਰੀਰਕ ਆਜ਼ਾਦੀ ਦੀ ਨਹੀਂ। ਉਨ੍ਹਾਂ ਨੇ ਕਦੀ ਵੀ ਨਹੀਂ ਕਿਹਾ ਸੀ ਕਿ ਔਰਤ ਜਾਤੀ ਦੇ ਸਰੀਰ ਨੂੰ ਨੁਮਾਇਸ਼ ਦੇ ਪਿੜ ਵਿੱਚ ਲਿਆ ਖੜ੍ਹਾ ਕੀਤਾ ਜਾਵੇ, ਉਸ ਦੇ ਕੁੱਝ ਨੰਗੇ ਜਾਂ ਅੱਧ ਨੰਗੇ ਸਰੀਰ ਵੱਲ ਦੇਖ ਕੇ ਤਾੜੀ ਮਾਰੀ ਜਾਵੇ।

ਪਤਾ ਨਹੀਂ ਉਹ ਤੀਵੀਆਂ ਵੀ ਕਿੱਥੇ ਚਲੇ ਗਈਆਂ ਜਿਹੜੀਆਂ ਗਲੀਆਂ ਵਿੱਚ ਖੜੋ ਕੇ ਫੁੱਲਕਾਰੀਆਂ ਤੇ ਲਾਲ ਸਾਲੂ ਦੀਆਂ ਗੱਲਾਂ ਕਰਦੀਆਂ ਸਨ। ਉਨ੍ਹਾਂ ਨੂੰ ਫਿਕਰ ਹੁੰਦਾ ਸੀ ਇਸਤ੍ਰੀ-ਮਰਯਾਦਾ ਟੁੱਟਣ ਦਾ। ਉਨ੍ਹਾਂ ਨੂੰ ਪਤਾ ਸੀ ਸਦੀਆਂ ਪੁਰਾਣੀ ਬਜੁਰਗਾਂ ਦੁਆਰਾ ਖਿੱਚੀ ਗਈ ਲੱਛਮਣ ਰੇਖਾ ਨੂੰ ਪਾਰ ਕਰਨ ਦਾ ਕੀ ਹਸ਼ਰ ਹੋਵੇਗਾ। ਉਹ ਆਉਣ ਵਾਲੇ ਸਮੇਂ ਬਾਰੇ ਜ਼ਿਆਦਾ ਸੁਚੇਤ ਸਨ। ਪਰ ਅੱਜ ਦੀ ਬਹੁ ਗਿਣਤੀ ਔਰਤ ਤਾਂ ਆਪਣੇ ਜਿਸਮ ਦੀ ਨੁਮਾਇਸ਼ ਲਾ ਕੇ ਮਾਣ ਮਹਿਸੂਸ ਕਰਨ ਲੱਗੀ ਹੈ। ਜਿਨ੍ਹਾਂ ਨੂੰ ਥੋੜ੍ਹਾ ਬਹੁਤ ਫਿਕਰ ਹੈ ਆਪਣੇ ਵਿਰਸੇ ਦਾ, ਉਹ ਵਿਚਾਰੀਆਂ ਅੰਦਰ ਵੜ ਗਈਆਂ। ਉਨ੍ਹਾਂ ਕੋਲ ਹਿੰਮਤ ਨਹੀਂ ਵਿਰੋਧ ਕਰਨ ਦੀ।

## ਕੁੱਝ ਘਰੇਲੂ ਨੁਸਖੇ

**ਡਾ. ਜਸਵੰਤ ਕੌਰ**

**ਨਿੰਮ :** ਇਸ ਦੇ ਪੱਤਿਆਂ ਨੂੰ ਰਗੜ ਕੇ ਇਸਦੀ ਲੱਪਰੀ ਬਣਾ ਕੇ ਅੱਖਾਂ 'ਤੇ ਬੰਨਣ ਨਾਲ ਬਹੁਤ ਲਾਭ ਹੁੰਦਾ ਹੈ। ਨਿੰਮ ਦੇ ਤੇਲ ਨੂੰ ਮਿੱਟੀ ਦੇ ਦੀਵੇ ਵਿੱਚ ਬੱਤੀ ਸਹਿਤ ਪਾ ਕੇ ਜਗਾ ਦਿਓ। ਇਹ ਮੱਛਰ ਭਜਾਉਣ ਦਾ ਬਹੁਤ ਹੀ ਲਾਭਦਾਇਕ ਤਰੀਕਾ ਹੈ ਜੋ ਸਿਹਤ ਲਈ ਹਾਨੀਕਾਰਕ ਵੀ ਨਹੀਂ।

**ਨਿੰਬੂ :** ਇਹ ਐਂਟੀ ਆਕਸੀਡੈਂਟ ਹੈ ਜੋ ਸਰੀਰ ਵਿਚਲੇ ਰੈਡੀਕਲਾਂ ਨਾਲ ਲੜ ਕੇ ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ। ਆਪਣੇ ਰੋਜ਼ਾਨਾ ਭੋਜਨ ਵਿੱਚ ਇਸਨੂੰ ਜ਼ਰੂਰ ਸ਼ਾਮਲ ਕਰੋ। ਨਿੰਬੂ ਦਾ ਰੱਸ ਨਚੋੜਨ ਤੋਂ ਬਾਅਦ ਇਸ ਦੇ ਛਿਲਕੇ ਨੂੰ ਪਾਣੀ ਵਿੱਚ ਡੁਬੋਈ ਰੱਖੋ ਅਤੇ ਫਿਰ ਪੀਓ। ਇਸ ਨਾਲ ਕੈਂਸਰ ਨੇੜੇ ਵੀ ਨਹੀਂ ਆਵੇਗਾ।

**ਪੁਦੀਨਾ :** ਇਸਨੂੰ ਪੀਹ ਕੇ ਭੁੰਨਿਆ ਜੀਰਾ, ਨਿੰਬੂ ਅਤੇ ਲੂਣ ਮਿਲਾ ਕੇ ਪੀਣ ਨਾਲ ਪੇਟ ਦੇ ਮਰੋੜ, ਖੱਟੇ ਡਕਾਰ ਠੀਕ ਹੋ ਜਾਂਦੇ ਹਨ।

**ਸਰੋਂ ਦਾ ਤੇਲ**-100 ਗ੍ਰਾਮ ਸਰੋਂ ਦੇ ਤੇਲ ਵਿੱਚ ਥੋੜ੍ਹੀ ਜਿਹੀ ਹਿੰਗ, 5-6 ਪੋਥੀਆਂ ਲਸਣ ਤੇ ਇੱਕ ਚਮਚ ਸੇਂਧਾ ਨਮਕ ਮਿਲਾ ਕੇ ਚੰਗੀ ਤਰ੍ਹਾਂ ਗਰਮ ਕਰ ਕੇ, ਠੰਢਾ ਕਰ ਕੇ ਤੇ ਛਾਣ ਕੇ ਰੋਜ਼ਾਨਾ 3-4 ਵਾਰ ਜੋੜਾਂ 'ਤੇ ਲਗਾਉਣ ਨਾਲ ਗਠੀਏ ਦਾ ਦਰਦ ਦੂਰ ਹੋ ਜਾਂਦਾ ਹੈ।

**ਦਾਲਚੀਨੀ**-ਇਸ ਦੇ ਪਾਊਡਰ ਨੂੰ ਚੌਥਾ ਹਿੱਸਾ ਚਮਚ ਸ਼ਹਿਦ ਵਿੱਚ ਮਿਲਾ ਕੇ ਰੋਜ਼ਾਨਾ ਸਵੇਰੇਤੇ ਸ਼ਾਮ ਖਾਣ ਨਾਲ ਵੀ ਗਠੀਏ ਤੋਂ ਆਰਾਮ ਮਿਲਦਾ ਹੈ।

**ਛੁਆਰੇ**- ਦੋ ਛੁਆਰਿਆਂ ਨੂੰ ਇੱਕ ਗਲਾਸ ਦੁੱਧ ਵਿੱਚ ਉਬਾਲ ਕੇ ਖਾਉ ਅਤੇ ਦੁੱਧ ਨੂੰ ਪੀ ਲਉ। ਰਾਤ ਨੂੰ ਵਾਰ ਵਾਰ ਪਸ਼ਾਬ ਕਰਨ ਦੀ ਸਮੱਸਿਆ ਹਲ ਹੋ ਜਾਵੇਗੀ।

## ਜ਼ਰੂਰੀ ਸੂਚਨਾ

- **ਸਾਲਾਨਾ ਭਾਸ਼ਨ ਪ੍ਰਤਿਯੋਗਤਾ** 31 ਅਕਤੂਬਰ, 2019 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤੀ ਜਾਵੇਗੀ।
- **ਸਾਲਾਨਾ ਸਿੱਖਿਆ ਸਮਾਗਮ** 2 ਨਵੰਬਰ, 2019 ਨੂੰ ਸੈਣੀ ਭਵਨ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਵਿੱਚ ਹੋਰ ਕੰਮਾਂ ਤੋਂ ਇਲਾਵਾ ਯੋਗ ਵਿਦਿਆਰਥੀਆਂ ਨੂੰ **ਵਜ਼ੀਫੇ** ਦਿੱਤੇ ਜਾਣਗੇ। ਵਜ਼ੀਫੇ ਦੇ ਚਾਹਵਾਨ, ਨਿਰਧਾਰਿਤ ਪ੍ਰਫਾਰਮੇ ਵਿੱਚ ਬਿਨੈਪੱਤਰ ਮਿਤੀ 31 ਅਗਸਤ ਤੱਕ ਸੈਣੀ ਭਵਨ ਵਿੱਚ ਜਮ੍ਹਾਂ ਕਰਵਾ ਸਕਦੇ ਹਨ। ਇਸ ਮੌਕੇ **ਐਲ.ਆਰ.ਮੁੰਦਰਾ ਯਾਦਗਾਰੀ ਵਜ਼ੀਫਾ** ਵੀ ਪ੍ਰਦਾਨ ਕੀਤਾ ਜਾਵੇਗਾ।

# ਦਾਸਤਾਨ-ਇ-ਦਸਤਾਰ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ



ਆਮ ਕਿਹਾ ਜਾਂਦਾ ਹੈ ਕਿ ਬੰਦਾ ਆਪਣੀ ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ ਤੋਂ ਪਛਾਣਿਆਂ ਜਾਂਦਾ ਹੈ। ਦਸਤਾਰ ਭਾਵ ਪੁਸ਼ਾਕ, ਰਫ਼ਤਾਰ ਭਾਵ ਤੋਰ, ਗੁਫ਼ਤਾਰ ਭਾਵ ਗੱਲਬਾਤ। ਇੱਥੇ ਦਸਤਾਰ ਦਾ ਅਰਥ ਹੈ ਪੱਗ ਜਾਂ ਪਗੜੀ। ਇਹ ਵਸਤਰ ਸੰਸਾਰ ਦੇ ਬਹੁਗਿਣਤੀ ਸੱਭਿਆਚਾਰਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਜਾਣਿਆਂ ਜਾਂਦਾ ਹੈ। ਇਸ ਨੂੰ ਅੰਗ੍ਰੇਜ਼ੀ ਵਿੱਚ ਟਰਬਨ, ਫਰੈਂਚ ਵਿੱਚ ਟਲਬੈਂਡ, ਸਪੇਨੀ ਵਿੱਚ ਟਰੈਂਬਦੇ, ਡੱਚ ਵਿੱਚ ਟਲਬਨਜ਼, ਰੋਮਨ ਵਿੱਚ ਟੂਲੀਬਨ, ਤੁਰਕੀ ਵਿੱਚ ਸਾਰਿਕ ਅਤੇ ਲਾਤੀਨੀ ਭਾਸ਼ਾ ਵਿੱਚ ਮਾਇਟਰ ਕਿਹਾ ਜਾਂਦਾ ਹੈ। ਦਸਤਾਰ ਨੂੰ ਸਿਰ ਦੀ ਸੁਰੱਖਿਆ ਤੋਂ ਇਲਾਵਾ ਸੁਹਣੇ ਲੱਗਣ ਲਈ ਵੀ ਸਜਾਇਆ ਜਾਂਦਾ ਹੈ।

ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਪਗੜੀ ਦਾ ਆਗਾਜ਼ ਈਸਵੀ ਸੰਮਤ ਸ਼ੁਰੂ ਹੋਣ ਤੋਂ ਹਜ਼ਾਰਾਂ ਸਾਲ ਪਹਿਲਾਂ ਹੋਇਆ ਸੀ। ਇਸ ਦਾ ਜ਼ਿਕਰ ਪੁਰਾਤਨ ਹਿੰਦੂ ਧਾਰਮਿਕ ਗ੍ਰੰਥਾਂ ਵਿੱਚ ਮਿਲਦਾ ਹੈ। ਇਸਲਾਮ ਧਰਮ ਦੇ ਮੋਢੀ ਹਜ਼ਰਤ ਮੁਹੰਮਦ ਨਾ ਕੇਵਲ ਆਪ ਪਗੜੀ ਬੰਨ੍ਹਦੇ ਸਨ ਸਗੋਂ ਇਨਾਂ ਦਾ ਵਪਾਰ ਵੀ ਕਰਦੇ ਸਨ। ਮੁਸਲਿਮ ਧਰਮ ਦੇ ਸ਼ਾਸਕ, ਮੌਲਵੀ, ਸ਼ਰੀਫ ਅਤੇ ਉਲਮਾਂ ਆਦਿ ਪ੍ਰਮੁੱਖ ਵਿਅਕਤੀ ਪੱਗਾਂ ਬੰਨ੍ਹਿਆਂ ਕਰਦੇ ਸਨ। ਯਹੂਦੀ ਵੀ ਪੱਗ ਬੰਨ੍ਹਦੇ ਸਨ ਪਰ ਅਠਾਰ੍ਹਵੀਂ ਸਦੀ ਵਿੱਚ ਸਮੇਂ ਦੇ ਮੁਸਲਿਮ ਸ਼ਾਸਕ ਨੇ ਉਨ੍ਹਾਂ ਦੇ ਪੱਗ ਬੰਨ੍ਹਣ 'ਤੇ ਪਾਬੰਦੀ ਲਾ ਦਿੱਤੀ।

ਭਾਰਤ ਦੇ ਰਾਜਿਸਥਾਨ, ਗੁਜਰਾਤ ਅਤੇ ਮੱਧ ਪ੍ਰਦੇਸ਼ ਇਲਾਕਿਆਂ ਵਿੱਚ ਵੀ ਪੱਗ ਨੂੰ ਕਿਸੇ ਵਿਅਕਤੀ ਦੇ ਸਮਾਜਿਕ ਰੁਤਬੇ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਇੱਥੇ ਅਜੇ ਵੀ ਵਿਆਹ ਅਤੇ ਹੋਰ ਸਮਾਗਮਾਂ 'ਤੇ ਵਿਸ਼ੇਸ਼ ਰੰਗਾਂ ਦੀਆਂ ਪੱਗਾਂ ਬੰਨ੍ਹਣ ਦਾ ਰਿਵਾਜ਼ ਹੈ। ਪੰਜਾਬੀ ਸੱਭਿਆਚਾਰ ਵਿੱਚ ਦਸਤਾਰ ਇੱਜਤ-ਮਾਣ ਦੀ ਪ੍ਰਤੀਕ ਰਹੀ ਹੈ। ਭਾਰਤ ਵਿੱਚ ਮੁਸਲਿਮ ਰਾਜਿਆਂ ਨੇ ਆਪਣੇ ਸੱਭਿਆਚਾਰ ਦੀ ਉੱਚਤਾ ਦਰਸਾਉਣ ਲਈ ਹਿੰਦੂਆਂ ਦੇ ਪਗੜੀ ਬੰਨ੍ਹਣ 'ਤੇ ਪਾਬੰਦੀ ਲਾ ਦਿੱਤੀ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਹੁਕਮਾਂ ਨੂੰ ਵੰਗਾਰਦਿਆਂ ਆਪਣੇ ਪੈਰੋਕਾਰਾਂ (ਖਾਲਸਾ) ਲਈ ਦਸਤਾਰ ਸਜਾਉਣੀ ਲਾਜ਼ਮੀ ਕਰ ਦਿੱਤੀ। ਇਸ ਪ੍ਰਕਾਰ ਦਸਤਾਰ ਨੂੰ ਧਾਰਮਿਕ ਮਾਨਤਾ ਮਿਲ ਗਈ ਅਤੇ ਖਾਲਸੇ ਲਈ ਇਹ ਸਵੈਮਾਣ ਅਤੇ ਪਹਿਚਾਣ ਦਾ ਚਿਨ੍ਹ ਬਣ ਗਈ। ਪੱਗ ਦੀ ਵਿਸ਼ਵਵਿਆਪੀ ਮਹਾਨਤਾ ਤੇ ਸੁਹੱਪਣ ਦਾ ਜ਼ਿਕਰ ਸ.ਗੁਰਪ੍ਰੀਤ ਸਿੰਘ ਤੂਰ(ਆਈ.ਪੀ.ਐਸ.) ਨੇ ਆਪਣੀ ਇੱਕ ਪੁਸਤਕ ਵਿੱਚ ਇੱਕ ਸੱਚੀ ਘਟਨਾ ਰਾਹੀਂ ਕੀਤਾ ਹੈ ਕਿ ਕਿਵੇਂ ਇੱਕ ਉੱਚਸਿੱਖਿਆ ਪ੍ਰਾਪਤ ਜਾਪਾਨੀ ਕੁੜੀ ਨੇ ਏਅਰਪੋਰਟ 'ਤੇ ਦਸਤਾਰਧਾਰੀ ਨੌਜਵਾਨ ਵੱਲ ਇੱਜ਼ਤ ਨਾਲ ਇਸ ਕਰ ਕੇ ਸਿਰ ਝੁਕਾਇਆ ਸੀ ਕਿਉਂਕਿ ਉਸ ਨੇ ਦਸਤਾਰ ਪਹਿਨੀ ਹੋਈ ਸੀ।

ਦਸਤਾਰ ਦੀ ਹੋਂਦ ਨੂੰ ਕਾਇਮ ਰੱਖਣ ਲਈ ਸਿੱਖਾਂ ਨੂੰ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ। ਇੱਕ ਮਿਸਾਲ ਵਜੋਂ ਦੂਸਰੀ ਸੰਸਾਰ ਜੰਗ ਦੌਰਾਨ ਅੰਗ੍ਰੇਜ਼ ਸਰਕਾਰ ਵਲੋਂ ਸਿੱਖ ਫੌਜੀਆਂ ਨੂੰ ਪੱਗਾਂ ਉਤਾਰ ਕੇ ਲੋਹੇ ਦੇ ਟੋਪ ਪਹਿਨਣ ਦੇ ਹੁਕਮ ਦਿੱਤੇ ਗਏ ਕਿਉਂਕਿ ਉਨ੍ਹਾਂ ਦੀ ਜੰਗ ਦੌਰਾਨ ਮੌਤ ਹੋ ਜਾਣ ਦੀ ਸੂਰਤ ਵਿੱਚ ਉਨ੍ਹਾਂ ਦੇ ਪਰਿਵਾਰਾਂ ਨੂੰ ਪੈਨਸ਼ਨ ਦੇਣੀ ਪੈਣੀ ਸੀ। ਪਰ ਸਾਰੇ ਇੱਕ ਲੱਖ ਤੋਂ ਵੱਧ ਸਿੱਖਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਲਿਖ ਕੇ ਦੇ ਦਿੱਤਾ ਕਿ ਜੇ ਉਨ੍ਹਾਂ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਨਾਲ ਹੁੰਦੀ ਹੈ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਪੈਨਸ਼ਨ ਨਾ ਦਿੱਤੀ ਜਾਵੇ। ਹੁਣ ਵੀ ਕਈ ਦੇਸ਼ਾਂ ਵਿੱਚ ਵੱਖ ਵੱਖ ਕਾਰਨਾਂ ਕਰ ਕੇ ਪੱਗ ਬੰਨ੍ਹਣ 'ਤੇ ਪਾਬੰਦੀ ਲਗਾਈ ਜਾਂਦੀ ਹੈ ਤਾਂ ਗੁਰੂ ਦੇ ਸਿੱਖ ਸਮਾਜਿਕ, ਰਾਜਨੀਤਿਕ ਅਤੇ ਕਾਨੂੰਨੀ ਲੜਾਈ ਲੜ ਕੇ ਦਸਤਾਰ ਦੀ ਲਾਜ ਰਖਦੇ ਹਨ। ਇੰਗਲੈਂਡ ਦੇ ਇੱਕ ਸਕੂਲ਼ ਵਿੱਚ ਜਦੋਂ ਇੱਕ ਛੇਵੀਂ ਜਮਾਤ ਦੇ ਬੱਚੇ ਨੂੰ ਸ਼੍ਰੇਣੀ ਵਿੱਚੋਂ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਪੱਗ ਬੰਨ੍ਹੀ ਹੋਈ ਸੀ ਤਾਂ ਉਹ ਬੱਚਾ ਅਤਿ ਦੀ ਠੰਢ ਵਿੱਚ ਸਕੂਲ ਦੇ ਬਾਹਰ ਸੜਕ 'ਤੇ ਬੈਠ ਗਿਆ ਪਰ ਅਖੀਰ ਉਸ ਦੀ ਜਿੱਤ ਹੋਈ। ਹੁਣੇ ਹੀ ਅਮਰੀਕਾ ਵਿੱਚ ਸ. ਹਰਪ੍ਰੀਤਇੰਦਰ ਸਿੰਘ ਬਾਜਵਾ ਨੇ ਲੰਬੇ ਸੰਘਰਸ਼ ਉਪਰੰਤ ਪਗੜੀ ਅਤੇ ਕੇਸਾਂ ਸਮੇਤ ਸਿੱਖੀ ਸਰੂਪ ਵਿੱਚ ਹਵਾਈ ਸੈਨਾ ਵਿੱਚ ਨੌਕਰੀ ਕਰਨ ਦੀ ਆਗਿਆ ਹਾਸਲ ਕੀਤੀ ਹੈ।

ਭਾਰਤ ਦੇ ਸਤਿਕਾਰਯੋਗ ਵਿਅਕਤੀ- ਸਵਾਮੀ ਵਿਵੇਕਾਨੰਦ, ਡਾ. ਸੀ.ਵੀ.ਰਮਨ, ਲਾਲਾ ਲਾਜਪਤ ਰਾਏ, ਡਾ. ਰਾਧਾ ਕ੍ਰਿਸ਼ਨਨ ਅਤੇ ਵਿਗਿਆਨੀ ਸੀ.ਵੀ.ਰਮਨ ਪਗੜੀ ਬੰਨ੍ਹ ਕੇ ਹਿੰਦੋਸਤਾਨੀ ਬਣਨ ਵਿੱਚ ਮਾਣ ਮਹਿਸੂਸ ਕਰਦੇ ਸਨ। ਜਦੋਂ ਸੀ.ਵੀ. ਰਮਨ ਭੌਤਿਕ ਵਿਗਿਆਨ ਦਾ ਨੋਬਲ ਇਨਾਮ ਲੈਣ ਲਈ 1930 ਵਿੱਚ ਸਟਾਕਹਾਮ ਗਏ ਤਾਂ ਉਨ੍ਹਾਂ ਨੇ ਪਗੜੀ ਬੰਨ੍ਹੀ ਹੋਈ ਸੀ। ਉਨ੍ਹਾਂ ਨੇ ਲਿਖਿਆ ਹੈ ਕਿ ਉਸ ਦੀ ਪਗੜੀ ਕਾਰਨ ਹੀ ਸਾਰੀ ਦੁਨੀਆਂ ਨੂੰ ਪਤਾ ਲੱਗਾ ਕਿ ਭਾਰਤੀ ਵਿਗਿਆਨੀ ਨੂੰ ਨੋਬਲ ਇਨਾਮ ਮਿਲਿਆ ਹੈ। ਮਹਾਤਮਾ ਗਾਂਧੀ ਵੀ ਪਹਿਲਾਂ ਪਗੜੀ ਬੰਨ੍ਹਿਆਂ ਕਰਦੇ ਸਨ। ਜਦੋਂ ਅਬਦੁੱਲਾ ਸੇਠ ਦੇ ਕੇਸ ਵਿੱਚ ਉਹ ਦੱਖਣੀ ਅਫਰੀਕਾ ਦੀ ਕੋਰਟ ਵਿੱਚ ਪੇਸ਼ ਹੋਏ ਤਾਂ ਮੈਜਿਸਟਰੇਟ ਨੇ ਉਨ੍ਹਾਂ ਨੂੰ ਪਗੜੀ ਉਤਾਰਨ ਲਈ ਕਿਹਾ। ਗਾਂਧੀ ਜੀ ਨੇ

ਬਾਕੀ ਸਫਾ 34 'ਤੇ



# ਮੇਰੀ ਲਾਹੇਵੰਦ ਯਾਤਰਾ

ਡਾ. ਜਸਵੰਤ ਕੌਰ ਸੈਣੀ
ਰੂਪਨਗਰ

ਇਸ ਸਾਲ ਦੇ ਅਪ੍ਰੈਲ ਮਹੀਨੇ ਅਹਿਮਦਾਬਾਦ ਗਏ ਤਾਂ ਸਾਂ ਇੱਕ ਰਿਸ਼ਤੇਦਾਰੀ ਦੇ ਸਬੰਧ ਵਿੱਚ, ਪਰ ਮੁੜੇ ਹਾਂ ਬਹੁਮੁੱਲੇ ਸਬਕ ਲੈ ਕੇ। ਅਹਿਮਦਾਬਾਦ, ਸਾਬਰਮਤੀ ਨਦੀ ਦੇ ਕਿਨਾਰੇ ਵਸਿਆ ਇਤਿਹਾਸਕ ਸ਼ਹਿਰ ਹੈ। ਇਹ ਗੁਜਰਾਤ ਸੂਬੇ ਦੀ ਪਹਿਲੀ ਰਾਜਧਾਨੀ ਹੋਣ ਦੇ ਨਾਲ ਨਾਲ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਅਤੇ ਟੈਕਟਾਈਲ ਮਿੱਲਾਂ ਲਈ ਵੀ ਮਸ਼ਹੂਰ ਹੈ। ਇਸ ਸਮੇਂ ਅਕਸ਼ਰਧਾਮ ਮੰਦਿਰ, ਦਾਦਾ ਹਰੀ ਵਾਵ, ਵਰਲਡ ਵਿੰਟੇਜ ਕਾਰ ਮਿਊਜ਼ੀਅਮ, ਹਰੇ ਕ੍ਰਿਸ਼ਨਾ ਮੰਦਿਰ, ਭਾਦਰਾ ਫੋਰਟ, ਸਰਦਾਰ ਵੱਲਭ ਭਾਈ ਪਟੇਲ ਨੈਸ਼ਨਲ ਮਿਊਜ਼ੀਅਮ, ਕਾਲੀਕੋ ਮਿਊਜ਼ੀਅਮ ਆਫ ਟੈਕਸਟਾਈਲਜ਼, ਵੇਸ਼ਾਰ ਯੁਟੈਨਸਲਜ਼ ਮਿਊਜ਼ਿਅਮ, ਝੂਲਤਾ ਮਿਨਾਰ, ਸਰਿਤਾ ਉਦਿਆਨ, ਅਦਾਲਾਜ ਸਟੈਪਵੈਲਜ਼, ਤ੍ਰੈਮੰਦਿਰ ਅਤੇ ਇਨਤਰੋਦਾ ਨੇਚਰ ਪਾਰਕ ਇਸ ਦੇ ਮੁੱਖ ਖਿੱਚ-ਕੇਂਦਰ ਹਨ।ਮੌਸਮ ਗਰਮ ਹੋਣ ਕਾਰਨ ਆਪਣੀ ਤਿੰਨ-ਦਿਨਾਂ ਠਹਿਰ ਦੌਰਾਨ ਕੇਵਲ ਚਾਰ ਸਥਾਨ ਹੀ ਦੇਖ ਸਕੇ।

**ਸਾਬਰਮਤੀ ਆਸ਼ਰਮ,** ਜੋ ਮਹਾਤਮਾ ਗਾਂਧੀ ਨੇ 1915 ਵਿੱਚ ਕਾਇਮ ਕੀਤਾ ਸੀ ਅਤੇ ਇੱਥੋਂ ਹੀ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸ਼ਾਂਤੀਮਈ ਸੰਘਰਸ਼ ਕੀਤਾ ਸੀ। ਇੱਥੇ ਉਨ੍ਹਾਂ ਦੇ ਭੋਜਨ-ਬਰਤਣ, ਐਨਕਾਂ, ਹੱਥ-ਚਰਖਾ, ਲੱਕੜੀ ਦੀਆਂ ਖੜਾਵਾਂ, ਸੋਟੀ, ਹੱਥਲਿਖਤਾਂ, ਆਦਿ ਮੂਲ ਰੂਪ ਵਿੱਚ ਸਾਂਭੀਆਂ ਮਿਲਦੀਆਂ ਹਨ। **ਦਾਦਾ ਹਰੀ ਵਾਵ** ਇੱਕ ਪੁਰਾਤਨ ਬਾਉਲੀ ਹੈ ਜੋ ਕਿ 1499 ਵਿੱਚ ਪਾਣੀ ਇਕੱਠਾ ਕਰਨ ਲਈ ਬਣਾਈ ਗਈ ਸੀ। ਇਹ ਇਮਾਰਤਸਾਜ਼ੀ ਦਾ ਅਦਭੁੱਤ ਨਮੂਨਾ ਹੈ। **ਇੰਤਰੋਦਾ ਨੇਚਰ ਪਾਰਕ** ਗਾਂਧੀ ਨਗਰ ਵਿੱਚ ਬਹੁੱਤ ਵੱਡੇ ਖੇਤਰ ਵਿੱਚ ਬਣਿਆਂ ਜੰਗਲਨੁਮਾ ਪਾਰਕ ਹੈ ਜਿੱਥੇ ਲੱਖਾਂ ਸਾਲ ਪਹਿਲਾਂ ਧਰਤੀ ਤੇ ਮੌਜੂਦ ਡਾਇਨੋਸਾਰ ਜੀਵਾਂ ਦਾ ਇਤਿਹਾਸ ਦਰਸਾਉਣ ਲਈ ਇਨ੍ਹਾਂ ਦੇ ਪਥਰਾਟ ਰੱਖੇ ਗਏ ਹਨ ਅਤੇ ਬੁੱਤ ਬਣਾਏ ਗਏ ਹਨ। **ਕੰਕਰੀਆ ਝੀਲ** ਸ਼ਹਿਰ ਦੇ ਪਾਣੀ ਨੂੰ ਇਕੱਠਾ ਕਰ ਕੇ ਬਣਾਈ ਝੀਲ ਹੈ ਜਿਸ ਨੂੰ ਇੱਕ ਬਹੁ-ਮੰਤਵੀ ਮਨੋਰੰਜਕ ਤੇ ਸੈਰਸਪਾਟਾ ਸਥਾਨ ਵਜੋਂ ਵਿਕਸਿਤ ਕੀਤਾ ਗਿਆ ਹੈ। ਇਸ ਦਾ ਪ੍ਰਬੰਧ ਅਤੇ ਸਾਂਭਸੰਭਾਲ ਵੇਖਣਯੋਗ ਹੈ। ਇਨ੍ਹਾਂ ਤੋਂ ਇਲਾਵਾ ਸ਼ਹਿਰ ਦੇ ਕੁੱਝ ਪ੍ਰਮੁੱਖ ਸ਼ਾਪਿੰਗ ਸੈਂਟਰਾਂ ਵਿੱਚ ਘੁੰਮਣ ਦਾ ਸਬੱਬ ਵੀ ਬਣਿਆ।

ਇਸ ਯਾਤਰਾ ਸਮੇਂ ਜਿੱਥੇ ਕੁੱਝ ਚੋਣਵੇਂ ਸਥਾਨਾਂ ਨੂੰ ਦੇਖਣ ਦੀ ਚਾਹਤ ਸੀ ਉੱਥੇ ਧੁਰ ਅੰਦਰ ਇੱਕ ਮਿਸ਼ਨ ਵੀ ਲੁਕਿਆ ਸੀ। ਇਹ ਸੀ, ਪਤਾ ਲਗਾਉਣਾ ਕਿ ਕੀ ਆਧੁਨਿਕਤਾ ਤੇ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਕਿਸੇ ਹੋਰ ਸੂਬੇ ਦੇ ਲੋਕਾਂ ਨੇ ਵੀ ਆਪਣੀ ਮਾਤਭਾਸ਼ਾ ਨੂੰ ਇਵੇਂ ਹੀ ਵਿਸਾਰਿਆ ਹੈ ਜਿਵੇਂ ਕਿ ਪੰਜਾਬੀਆਂ ਨੇ? ਕੀ ਇਸ ਦਾ ਕਾਰਨ ਕੋਈ ਮਜ਼ਬੂਰੀ ਹੈ ਜਾਂ ਕਿ ਮਾਨਸਿਕ ਗੁਲਾਮੀ? ਅਹਿਮਦਾਬਾਦ ਇਕ ਪੁਰਾਤਨ ਸ਼ਹਿਰ ਹੈ ਜਿਸ ਵਿੱਚ ਹਿੰਦੂਆਂ ਤੋਂ ਇਲਾਵਾ ਕਾਫੀ ਆਬਾਦੀ ਮੁਸਲਮਾਨਾਂ ਦੀ ਅਤੇ ਵਰਣਨਯੋਗ ਗਿਣਤੀ ਈਸਾਈਆਂ ਤੇ ਸਿੱਖਾਂ ਦੀ ਵੀ ਹੈ। ਇਹ ਕਈ ਮਲਟੀਨੈਸ਼ਨਲ ਕਾਰੋਬਾਰੀ ਕੰਪਨੀਆਂ ਦਾ ਮੁੱਖ ਕੇਂਦਰ ਹੈ।ਇੱਥੈ ਦਰਜਨਾਂ ਹੀ ਕੇਂਦਰੀ ਸਿੱਖਿਆ ਅਤੇ ਕਾਰੋਬਾਰੀ ਅਦਾਰੇ ਹਨ ਜਿਨ੍ਹਾਂ ਵਿੱਚ ਦੇਸ਼ ਦੇ ਹਰ ਖੇਤਰ ਦੇ ਵਿਦਿਆਰਥੀ ਅਤੇ ਕਰਮਚਾਰੀ ਹਨ। ਇਤਿਹਾਸਕ ਸ਼ਹਿਰ ਹੋਣ ਕਾਰਨ ਇਹ ਟੂਰਿਸਟਾਂ ਦਾ ਵੀ ਮਨਚਾਹਿਆ ਸਥਾਨ ਹੈ। ਵੈਸੇ ਵੀ ਗੁਜਰਾਤੀ ਆਪਣੇ ਕਾਰੋਬਾਰ ਅਤੇ ਰੁਜ਼ਗਾਰ ਲਈ ਵਿਸ਼ਵਭਰ ਵਿੱਚ ਫ਼ੈਲੇ ਹੋਏ ਹਨ।

ਜੇ ਕਾਰੋਬਾਰੀ ਹਿਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਇੱਥੇ ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਅਤੇ ਰਾਸ਼ਟਰੀ ਭਾਸ਼ਾ ਹਿੰਦੀ ਦਾ ਬੋਲਬਾਲਾ ਹੋਣਾ ਚਾਹੀਦਾ ਹੈ।ਇਸ ਲਈ ਮੈਂ ਛੋਟੇ ਵੱਡੇ ਬੋਰਡਾਂ ਕਾਰੋਬਾਰੀ ਅਦਾਰਿਆਂ, ਸਰਕਾਰੀ ਦਫਤਰਾਂ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੰਪਨੀਆਂ ਦੇ ਬੋਰਡਾਂ ਨੂੰ ਪੂਰੀ ਉਤਸੁਕਤਾ ਨਾਲ ਦੇਖਦਾ ਰਿਹਾ। ਮੈਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਹਰ ਧਰਮ ਅਤੇ ਵਰਗ ਦੇ ਲੋਕਾਂ ਨੇ ਆਪਣਿਆਂ ਘਰਾਂ ਅੱਗੇ ਨੇਮ ਪਲੇਟਾਂ ਅਤੇ ਦੁਕਾਨਾਂ ਦੇ ਬੋਰਡਾਂ 'ਤੇ ਗੁਜਰਾਤੀ ਲਿਖੀ ਹੋਈ ਸੀ। ਸਰਕਾਰੀ ਅਦਾਰਿਆਂ ਦੇ ਨੋਟਿਸ ਬੋਰਡਾਂ ਅਤੇ ਸੜਕਾਂ 'ਤੇ ਲੱਗੇ ਸੰਕੇਤ ਬੋਰਡ ਵੀ ਗੁਜਰਾਤੀ ਭਾਸ਼ਾ ਵਿੱਚ ਹੀ ਸਨ। ਗੁਜਰਾਤੀ ਦੇ ਨਾਲ ਬਹੁਦੇਸ਼ੀ ਕੰਪਨੀਆਂ ਵਲੋਂ ਅੰਗਰੇਜ਼ੀ, ਰਾਸ਼ਟਰੀ ਅਦਾਰਿਆਂ ਬੈਂਕਾਂ ਆਦਿ ਵਲੋਂ ਹਿੰਦੀ ਅਤੇ ਕਿਤੇ ਕਿਤੇ ਮੁਸਲਮਾਨੀ ਸਿੱਖਿਆ ਸੰਸਥਾਵਾਂ ਦੇ ਬੋਰਡਾਂ 'ਤੇ ਉਰਦੂ ਲਿਖਿਆ ਨਜ਼ਰ ਆਇਆ।

ਇਸ ਦੇ ਬਾਵਜੂਦ ਅਹਿਮਦਾਬਾਦ ਵਿੱਚ ਪੂਰੀ ਚਹਿਲਪਹਿਲੈ ਸੀ ਅਤੇ ਇੱਥੇ ਦੇ ਵਪਾਰਕ ਤੇ ਸਰਕਾਰੀ ਕੰਮਾਂ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ। ਇਸ ਬਾਰੇ ਕਿਸੇ ਨੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ। ਇਸ ਤੋਂ ਸਾਫ ਹੈ ਕਿ ਗੁਜਰਾਤ ਵਿੱਚ ਰਹਿੰਦੇ ਹਰ ਧਰਮ ਦੇ ਲੋਕ ਗੁਜਰਾਤੀ ਨੂੰ ਆਪਣੀ ਮਾਤਭਾਸ਼ਾ ਮੰਨ ਕੇ ਇਸ ਨਾਲ ਪਿਆਰ ਕਰਦੇ ਅਤੇ ਇਸ ਨੂੰ ਪੜ੍ਹਦੇ ਹਨ। ਉਹ ਲੋਕ ਗੁਜਰਾਤੀ ਬੋਲਣ ਵਿੱਚ ਮਾਣ ਮਹਿਸੂਸ ਕਰਦੇ ਹਨ।ਇਸ ਭਾਵਨਾ ਅਧੀਨ ਉਨ੍ਹਾਂ ਨੂੰ ਇਹ ਵੀ ਪ੍ਰਵਾਹ ਨਹੀਂ ਕਿ ਗੁਜਰਾਤੀ ਭਾਸ਼ਾ ਦੇ ਗਿਆਨ ਤੋਂ ਵਾਂਝੇ ਲੋਕਾਂ ਨੂੰ ਕੋਈ ਸਮੱਸਿਆ ਆਉਂਦੀ ਹੋਵੇਗੀ। ਇਹ ਹੈ ਉਨ੍ਹਾਂ ਲੋਕਾਂ ਦਾ ਸਵੈਮਾਣ ਅਤੇ ਮਾਨਸਿਕ-ਸ਼ਕਤੀ।

ਬਾਕੀ ਸਫਾ 34 'ਤੇ........



ਨਵੀਂ ਖੋਜ

# ਜ਼ਹਿਰਯੁਕਤ ਤੋਂ ਜ਼ਹਿਰਮੁਕਤ - ਇੱਕ ਸਫ਼ਰ

ਅਵਤਾਰ ਸਿੰਘ ਗਿਰਨ
ਫਗਵਾੜਾ

(ਅੱਜ ਜਦੋਂ ਪੰਜਾਬ ਦਾ ਕਿਸਾਨ ਕਰਜ਼ੇ ਹੇਠ ਦੱਬ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ, ਖੁਰਾਕੀ ਵਸਤਾਂ ਜ਼ਹਿਰੀਲੀਆਂ ਹੋ ਕੇ ਖਤਰਨਾਕ ਬਿਮਾਰੀਆਂ ਪੈਦਾ ਕਰ ਰਹੀਆਂ ਹਨ, ਸਾਰਾ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ ਤਾਂ ਖੇਤੀ ਦਾ **'ਫਗਵਾੜਾ ਗੁੱਡ ਗਰੋਅ ਕਰਾਪਿੰਗ ਸਿਸਟਮ'** ਹਨ੍ਹੇਰੇ ਵਿੱਚ ਚਾਨਣ ਦੀ ਕਿਰਨ ਹੈ। ਇਸ ਅਤਿ ਲੋੜੀਂਦੇ ਖੇਤੀਬਾੜੀ ਪ੍ਰਬੰਧ ਦੇ ਸੂਤਰਧਾਰ ਹਨ, ਸੈਣੀ ਬਰਾਦਰੀ ਦੇ ਫਗਵਾੜਾ ਨਿਵਾਸੀ- ਸ. ਅਵਤਾਰ ਸਿੰਘ( ਗਿਰਨ)। ਆਪ ਹਨ ਤਾਂ ਰਸਾਇਣ ਵਿਗਿਆਨ ਦੇ ਪੋਸਟਗ੍ਰੈਜੂਏਟ ਪਰ ਖੇਤੀਬਾੜੀ ਦੇ ਅਮਲੀ ਖੋਜ ਕਾਰਜਾਂ ਨੂੰ ਪਹਿਲ ਦੇ ਰਹੇ ਹਨ। ਬਹੁਤ ਘੱਟ ਜ਼ਮੀਨ ਦੇ ਮਾਲਕ ਹੋਣ ਦੇ ਬਾਵਜੂਦ ਆਪ ਠੇਕੇ 'ਤੇ ਲਈ 41 ਏਕੜ ਜ਼ਮੀਨ ਤੋਂ ਵੱਡੇ ਜ਼ਿੰਮੀਦਾਰਾਂ ਜਿੰਨੀ ਕਮਾਈ ਕਰ ਰਹੇ ਹਨ - ਸੰਪਾਦਕ)

ਫਗਵਾੜਾ ਗੁੱਡ ਗਰੋਅ ਕਰਾਪਿੰਗ ਸਿਸਟਮ ਇੱਕ ਮਿਸ਼ਨ ਹੈ ਜਿਸ ਦਾ ਨਾਹਰਾ ਹੈ- **'ਸੰਪੂਰਨ ਖੇਤੀ, ਪੂਰਨ ਰੋਜ਼ਗਾਰ'**। ਇਹ ਮੌਜੂਦਾ ਖੇਤੀ ਸੰਕਟ ਦਾ ਆਸਾਨ ਅਤੇ ਕਾਰਗਰ ਸਮਾਧਾਨ ਹੈ। ਇਸ ਦਾ ਉਦੇਸ਼ ਹੈ- ਖੇਤੀ ਲਈ ਕੁਦਰਤੀ ਸਾਧਨਾਂ ਦੀ ਘੱਟੋਘੱਟ ਵਰਤੋਂ ਕਰਕੇ ਅਤੇ ਰਸਾਇਣਕ ਖਾਦਾਂ ਤੋਂ ਛੁਟਕਾਰਾ ਪਾ ਕੇ ਖੇਤੀ ਲਾਗਤ ਨੂੰ ਘਟਾਉਣਾ ਅਤੇ ਕਿਸਾਨ ਦੀ ਲਗਾਤਰ ਤੇ ਵੱਧ ਆਮਦਨ ਨੂੰ ਸੁਨਿਸ਼ਚਿਤ ਕਰਨਾ। ਇਹ ਮਿਸ਼ਨ 24-25 ਸਾਲ ਪਹਿਲਾਂ ਉੱਦਮੀ ਕਿਸਾਨਾਂ ਦੇ ਇੱਕ ਸਮੂਹ ਨੇ ਆਰੰਭ ਕੀਤਾ ਸੀ ਜੋ ਮਈ 2015 ਵਿੱਚ ਆਮ ਕਿਸਾਨਾਂ ਅਤੇ ਅਦਾਰਿਆਂ ਲਈ ਪੇਸ਼ ਕੀਤਾ ਗਿਆ।

ਇਹ ਮਿਸ਼ਨ ਕੁਦਰਤੀ ਨਿਯਮਾਂ 'ਤੇ ਆਧਾਰਿਤ ਹੈ। ਕੁਦਰਤ ਹਮੇਸ਼ਾਂ ਇਕ ਮਰਿਆਦਾ ਦਾ ਪਾਲਣ ਕਰਦੀ ਹੈ ਭਾਵ ਨਿਯਮਬੱਧ ਹੈ। ਕਿਸਾਨ ਦਾ ਸਬੰਧ ਖੇਤੀਬਾੜੀ ਨਾਲ ਹੈ, ਖੇਤੀਬਾੜੀ ਦਾ ਸਬੰਧ ਬਨਸਪਤੀ ਨਾਲ ਅਤੇ ਬਨਸਪਤੀ ਦਾ ਸਬੰਧ ਜੀਵਨ ਨਾਲ ਹੈ। ਜੀਵਨ ਨੂੰ ਮੋਟੇ ਤੌਰ 'ਤੇ ਤਿੰਨ ਹਿੱਸਿਆਂ- ਬਨਸਪਤੀ, ਪਸ਼ੂ ਅਤੇ ਸੂਖਮ ਜੀਵਾਂ ਵਿੱਚ ਵੰਡਿਆ ਜਾ ਸਕਦਾ ਹੈ। ਕਾਦਰ ਨੇ ਕੁਦਰਤ ਦੀ ਰਚਨਾ ਇਸ ਢੰਗ ਨਾਲ ਕੀਤੀ ਹੈ ਕਿ ਇਸ ਦਾ ਕੋਈ ਵੀ ਹਿੱਸਾ ਆਤਮਨਿਰਭਰ ਨਹੀਂ। ਪਸ਼ੂ, ਬਨਸਪਤੀ 'ਤੇ ; ਬਨਸਪਤੀ, ਸੂਖਮ ਜੀਵਾਂ ਦੁਆਰਾ ਤਿਆਰ ਕੀਤੇ ਪਦਾਰਥਾਂ 'ਤੇ ; ਅਤੇ ਸੂਖਮ ਜੀਵ, ਪਸ਼ੂਆਂ ਅਤੇ ਬਨਸਪਤੀ ਦੀ ਰਹਿੰਦ-ਖੂੰਹਦ 'ਤੇ ਨਿਰਭਰ ਹਨ। ਜੀਵਨ ਦਾ 'ਸੱਚੁ' ਪੰਜ ਤੱਤਾਂ- ਭੂਮੀ, ਗਗਨ, ਵਾਯੂ, ਅਗਨ ਅਤੇ ਨੀਰ ( ਭਗਵਾਨ) ਦਾ ਸੁਮੇਲ ਹੈ।

**ਭੂਮੀ** ਤੋਂ ਪੌਦੇ ਦੀ 2.5% ਜ਼ਰੂਰਤ ਪੂਰੀ ਹੁੰਦੀ ਹੈ ਅਤੇ ਬਾਕੀ ਦੀ 97.5% ਉਹ ਵਾਤਾਵਰਨ 'ਚੋਂ ਲੈਂਦਾ ਹੈ। ਧਰਤੀ ਵਿੱਚ ਪੌਦਿਆਂ ਲਈ ਜ਼ਰੂਰੀ ਪੌਸ਼ਟਿਕ ਤੱਤ ਅਤੇ ਮੱਲੜ੍ਹ ਜ਼ਮੀਨ ਵਿੱਚ ਮੌਜੂਦ ਹੁੰਦੇ ਹਨ। ਕਿਸੇ ਖਿੱਤੇ ਵਿੱਚ ਉਪਜ ਰਹੀ ਬਨਸਪਤੀ ਨੂੰ ਉਸ ਖਿੱਤੇ ਵਿੱਚ ਮੌਜੂਦ ਪੌਸ਼ਟਿਕ ਤੱਤਾਂ ਦੀ ਮਾਤਰਾ ਨਿਰਧਾਰਿਤ ਤੇ ਪ੍ਰਭਾਵਿਤ ਕਰਦੀ ਹੈ। ਧਰਤੀ ਵਿੱਚ ਫਸਲਾਂ ਲਈ ਜ਼ਰੂਰੀ ਹਰ ਇੱਕ ਵਸਤੂ ਮੌਜੂਦ ਹੁੰਦੀ ਹੈ ਪਰ ਪੌਦੇ ਆਪਣੇ ਆਪ ਇਸ ਨੂੰ ਵਰਤ ਨਹੀਂ ਸਕਦੇ। ਸੂਖਮ ਜੀਵ ਸਾਡੀਆਂ ਫਸਲਾਂ ਦੇ ਰਸੋਈਏ ਹਨ ਜੋ ਪਸ਼ੂਆਂ ਅਤੇ ਬਨਸਪਤੀ ਦੀ ਰਹਿੰਦ-ਖੂੰਹਦ ਤੋਂ ਭੋਜਨ ਤਿਆਰ ਕਰਕੇ ਪੌਦਿਆਂ ਨੂੰ ਪਰੋਸਦੇ ਹਨ। ਇਸ ਲਈ ਇਨ੍ਹਾਂ ਸੂਖਮ ਜੀਵਾਂ ਨੂੰ ਬਚਾਉਣ ਦੀ ਬਹੁਤ ਲੋੜ ਹੈ। **ਗਗਨ(ਆਕਾਸ਼) ਤੱਤ** ਬੂਟੇ ਤੋਂ ਬੂਟੇ ਅਤੇ ਕਤਾਰ ਤੋਂ ਕਤਾਰ ਵਿਚਕਾਰਲੇ ਫਾਸਲੇ ਨਾਲ ਸਬੰਧਿਤ ਹੈ। **ਵਾਯੂ,** ਪੌਦੇ ਦੀਆਂ ਜੜ੍ਹਾਂ ਲਈ ਹਰ ਸਮੇਂ ਅਤਿ ਜ਼ਰੂਰੀ ਹੈ। ਇਸ ਨਾਲ ਹੀ ਜੈਵਿਕ ਕਿਰਿਆ ਚਾਲੂ ਰਹਿੰਦੀ ਹੈ। ਪਾਣੀ ਕਿਆਰਿਆਂ ਵਿੱਚ ਭਰ ਕੇ ਲਾਉਣ ਨਾਲ ਜੜ੍ਹਾਂ ਲਈ ਲੋੜੀਂਦੀ ਹਵਾ ਬਾਹਰ ਨਿਕਲ ਜਾਂਦੀ ਹੈ ਜਿਸ ਨਾਲ ਪੌਦੇ ਦੀ ਜੈਵਿਕ ਕਿਰਿਆ ਬੰਦ ਹੋ ਜਾਂਦੀ ਹੈ। **ਅਗਨੀ** ਪੌਦਿਆਂ ਲਈ ਅਜਿਹਾ ਜ਼ਰੂਰੀ ਤੱਤ ਹੈ ਜੋ ਸੂਰਜ ਤੋਂ ਬਹੁਤਾਤ ਵਿੱਚ ਮਿਲਦਾ ਹੈ। ਇਸ ਕਰਕੇ ਫਸਲਾਂ ਮੌਸਮ ਦੇ ਅਨੁਸਾਰ ਪੈਦਾ ਹੁੰਦੀਆਂ ਹਨ। ਪੌਦਿਆਂ ਨੂੰ ਅਗਨੀ ਬਨਾਵਟੀ ਵਿਧੀਆਂ ਨਾਲ ਬਾਹਰੋਂ ਨਹੀਂ ਮੁਹੱਈਆ ਕਰਵਾਈ ਜਾ ਸਕਦੀ। **ਨੀਰ(ਪਾਣੀ)** -ਖੇਤੀ ਲਈ ਪਾਣੀ ਨਹੀਂ ,ਸਿਰਫ ਨਮੀਂ ਦੀ ਜ਼ਰੂਰਤ ਹੈ। ਸਿੰਜਾਈ ਸਮੇ ਵਾਧੂ ਪਾਣੀ ਤੋਂ ਬਚਣ ਦੀ ਲੋੜ ਹੈ। ਪਾਣੀ ਦਾ ਸੁਭਾ ਨੀਵੀਂ ਜਗਾਹ ਰਹਿਣਾ ਹੈ। ਇਸ ਲਈ ਸਿਜਾਈ ਸਮੇ ਪਾਣੀ ਨੀਵੇਂ ਥਾਂ ਰੱਖਣ ਦੀ ਜ਼ਰੂਰਤ ਹੈ। ਪੌਦੇ ਨੂੰ ਵਾਧੇ ਲਈ ਲੋੜੀਂਦੇ ਪੌਸ਼ਟਿਕ ਤੱਤ ਧਰਤੀ ਵਿੱਚੋਂ ਪਾਣੀ ਵਿੱਚ ਘੁਲ ਕੇ ਹੀ ਜੜ੍ਹਾਂ ਰਾਹੀਂ ਪ੍ਰਾਪਤ ਹੁੰਦੇ ਹਨ। ਫਸਲਾਂ ਨੂੰ ਜ਼ਿਆਦਾ ਪਾਣੀ ਲਾਉਣ ਨਾਲ- ਇੱਕ ਤਾਂ ਜੜ੍ਹਾਂ ਨੂੰ ਹਵਾ ਦੀ ਸਪਲਾਈ ਰੁਕ ਜਾਂਦੀ ਹੈ ਦੂਜੇ ਸੂਖਮ ਜੀਵ ਰੁੜ੍ਹ ਜਾਂਦੇ ਹਨ ਅਤੇ ਇਨ੍ਹਾਂ ਵਲੋਂ ਤਿਆਰ ਕੀਤੀ ਖੁਰਾਕ ਜੜ੍ਹਾਂ ਤੋਂ ਦੂਰ ਚਲੇ ਜਾਂਦੀ ਹੈ।

**ਵਿਧੀ-** ਇਸ ਇਨਕਲਾਬੀ ਖੇਤੀ ਵਿਧੀ ਨੂੰ ਅਪਨਾਉਣ ਲਈ ਇਸ ਦੀ ਫਿਲਾਸਫੀ (ਸਿਧਾਂਤ) ਨੂੰ ਸਮਝਣਾ ਅਤਿ ਜ਼ਰੂਰੀ ਹੈ। ਫਸਲ ਬੀਜਣ ਲਈ ਪੂਰੀ ਤਰ੍ਹਾਂ ਲੈਵਲ ਕੀਤੇ ਖੇਤ ਵਿੱਚ ਪਲਾਂਟਰ ਨਾਲ ਚਾਰ ਚਾਰ ਫੁੱਟ ਚੌੜੇ ਬੈਡ ਬਣਾਏ ਜਾਂਦੇ ਹਨ। ਬੈਡਾਂ ਦੀ ਦਿਸ਼ਾ ਬੂਟਿਆਂ ਦੇ ਸੂਰਜ ਪਾਸੋਂ ਅਗਨੀ( ਧੁੱਪ) ਪ੍ਰਾਪਤ ਕਰਨ ਦੀ ਲੋੜ ਮੁਤਾਬਕ, ਗਰਮੀਆਂ ਦੀ ਫਸਲ ਲਈ ਪੂਰਬ ਤੋਂ ਪੱਛਮ ਅਤੇ ਸਰਦੀਆਂ ਦੀਆਂ ਫਸਲਾਂ ਲਈ ਉੱਤਰ ਤੋਂ ਦੱਖਣ ਰੱਖੀ ਜਾਂਦੀ ਹੈ। ਪੌਦੇ ਹਮੇਸ਼ਾਂ ਬੈਡਾਂ 'ਤੇ ਲਗਾਏ ਜਾਂਦੇ ਹਨ ਅਤੇ ਪਾਣੀ ਖਾਲੀਆਂ ਵਿੱਚ ਦਿੱਤਾ ਜਾਂਦਾ ਹੈ। ਇਸ ਨਾਲ ਪਾਣੀ ਪੌਦਿਆਂ ਦੇ ਤਣਿਆਂ ਨੂੰ ਛੂਹਣ ਦੀ ਬਜਾਏ ਕੇਸ਼ਕੀ ਕਿਰਿਆ ਰਾਹੀਂ ਜੜ੍ਹਾਂ ਨੂੰ ਜਾਂਦਾ ਹੈ। ਇਸ ਤਰ੍ਹਾਂ ਸੂਖਮ ਜੀਵਾਂ ਦਾ ਬੈਡਾਂ ਉੱਤੇ ਨਿਰੰਤਰ ਵਾਧਾ ਯਕੀਨੀ ਹੋ ਜਾਂਦਾ ਹੈ ਅਤੇ ਇਨ੍ਹਾਂ ਦੁਆਰਾ ਤਿਆਰ ਕੀਤਾ ਸਾਰਾ ਭੋਜਨ ਪੌਦੇ ਨੂੰ ਮਿਲਦਾ ਹੈ। ਇਸ ਨਾਲ ਫਸਲ ਨੂੰ ਰਸਾਇਣਕ ਖਾਦਾਂ

ਦੀ ਕੋਈ ਲੋੜ ਨਹੀਂ ਰਹਿੰਦੀ। ਇਹ ਤਾਂ ਸਗੋਂ ਸੂਖਮ ਜੀਵਾਂ ਨੂੰ ਖਤਮ ਕਰ ਦਿੰਦੀਆਂ ਹਨ। ਫਸਲ ਨੂੰ ਪਾਣੀ ਜਿੰਨਾ ਘੱਟ ਲਗਦਾ ਹੈ, ਉਨੀ ਹੀ ਰਸਾਇਣਕ ਖਾਦਾਂ ਦੀ ਲੋੜ ਘੱਟ ਪੈਂਦੀ ਹੈ। ਇਸ ਨਾਲ ਕਿਸਾਨ ਦਾ ਫਸਲ 'ਤੇ ਖਰਚਾ ਘਟ ਹੁੰਦਾ ਹੈ।

ਹਰ ਫਸਲ ਦਾ ਪੂਰਾ ਅਤੇ ਮਿਆਰੀ ਝਾੜ ਲੈਣ ਲਈ ਇਹ ਜ਼ਰੂਰੀ ਹੈ ਕਿ ਪੌਦਿਆਂ ਦੀ ਮੁਕਾਬਲੇਬਾਜ਼ੀ ਘਟਾਈ ਜਾਵੇ। ਇਸ ਲਈ ਖੇਤੀ ਵਿੱਚ '**ਜੰਗਲ ਦਾ ਸਿਧਾਂਤ**' ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਤਿੰਨ ਪ੍ਰਕਾਰ ਦੇ ਪੌਦਿਆਂ-ਸਤਹਿ 'ਤੇ ਰਹਿਣ ਵਾਲੇ ਘਾਹ, ਝਾੜੀਨੁਮਾ ਪੌਦੇ ਅਤੇ ਵੱਡੇ ਦਰਖਤ ਇੱਕ ਦੂਜੇ 'ਤੇ ਨਿਰਭਰ ਰਹਿੰਦੇ ਹਨ। ਇਸ ਕਾਰਨ ਹੀ ਜੰਗਲ ਨੂੰ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਕਦੇ ਲੋੜ ਨਹੀਂ ਪੈਂਦੀ। ਇਸ ਦੇ ਨਾਲ ਹੀ ਸਾਨੂੰ ਉਨ੍ਹਾਂ ਫਸਲਾਂ ਦੀ ਹੀ ਕਾਸ਼ਤ ਕਰਨੀ ਚਾਹੀਦੀ ਹੈ ਜਿਹੜੀਆਂ ਉਸ ਖਿੱਤੇ ਦੀ ਧਰਤੀ ਵਿੱਚ ਆਪਣੇ ਆਪ ਪੈਦਾ ਹੁੰਦੀਆਂ ਹਨ। ਕੁਦਰਤ ਨੇ ਹਰ ਇੱਕ ਫਸਲ ਲਈ ਸਾਲ ਵਿੱਚ ਇੱਕ ਇਹੋ ਜਿਹਾ ਸਮਾਂ ਨਿਯਤ ਕੀਤਾ ਹੋਇਆ ਹੈ ਜਿਸ ਸਮੇ ਉਸ ਫਸਲ ਦਾ ਝਾੜ ਬਿਨਾਂ ਕੋਈ ਵਾਧੂ ਕਾਰਜ ਕੀਤਿਆਂ ਵੱਧ ਹੁੰਦਾ ਹੈ। ਜਿਵੇਂ ਮੱਕੀ ਦੇ ਬੀਜਣ ਦਾ ਸਮਾਂ ਜਨਵਰੀ-ਫਰਵਰੀ ਅਤੇ ਗੰਨੇ ਦਾ ਅਗਸਤ-ਸਤੰਬਰ ਹੈ।

**ਵਿਸ਼ੇਸ਼ਤਾਈਆਂ**-ਖੇਤੀ ਲਈ ਇਹ ਸਿਸਟਮ ਲਾਗੂ ਕਰਨ ਨਾਲ ਫਸਲ ਦੀ ਲਾਗਤ ਕੀਮਤ ਘਟਦੀ ਹੈ, ਝਾੜ ਤੇ ਗੁਣਵੱਤਾ ਵਧਦੀ ਹੈ, ਪਾਣੀ ਦੀ ਬੱਚਤ ਹੁੰਦੀ ਹੈ, ਰਸਾਇਣਕ ਖਾਦਾਂ ਤੇ ਕੀੜੇਮਾਰ ਜ਼ਹਿਰਾਂ ਤੋਂ ਬਚਾਅ ਹੁੰਦਾ ਹੈ ਜਿਸ ਨਾਲ ਪ੍ਰਦੂਸ਼ਣ ਘਟਦਾ ਹੈ। ਇਹ **ਖੇਤੀ ਦਾ ਕੁਦਰਤੀਕਰਨ** ਹੈ। ਇਸ ਨਾਲ ਪੌਸ਼ਟਿਕ ਭੋਜਨ ਦਾ ਸੰਕਟ ਵੀ ਹਲ ਹੋ ਜਾਵੇਗਾ ਅਤੇ ਫਸਲੀ ਰਹਿੰਦ-ਖੂੰਹਦ ਨੂੰ ਬੈਂਡਾਂ ਵਿਚਾਲੇ ਪਈ ਜ਼ਮੀਨ ਵਿੱਚ ਪਏ ਰਹਿ ਦੇਣ ਨਾਲ ਅੱਗ ਨਾਲ ਸਾੜਨ ਦੇ ਮਸਲੇ ਦਾ ਵੀ ਲਾਹੇਵੰਦ ਢੰਗ ਨਾਲ ਨਿਪਟਾਰਾ ਹੋ ਜਾਵੇਗਾ।

ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ , ਹਰਿਆਣਾ ਤੇ ਯੂ.ਪੀ. ਦੇ ਕਿਸਾਨਾਂ ਵਲੋਂ ਇਹ ਵਿਧੀ ਅਪਨਾਈ ਜਾਣ ਲੱਗੀ ਹੈ। ਇਹ ਪੰਜਾਬ ਦੇ ਸੰਕਟਗ੍ਰਸਤ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਂ ਰੋਕਣ ਲਈ ਕਾਰਗਰ ਢੰਗ ਹੈ।ਫਗਵਾੜਾ ਗੁੱਡ ਗਰੋਅ ਕਰਾਪਿੰਗ ਸਿਸਟਮ ਦੇ ਮੋਢੀਆਂ ਵਲੋਂ ਪਿੰਡਾਂ ਵਿੱਚ **ਖੇਤੀ ਸਤਿਸੰਗਾਂ** ਦਾ ਆਯੋਜਿਨ ਕਰਕੇ ਲੋੜਵੰਦ ਕਿਸਾਨਾਂ ਨੂੰ ਅਗਵਾਈ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਆਮ ਲੋਕਾਂ, ਕਿਸਾਨਾਂ, ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਨੂੰ ਫਗਵਾੜਾ ਦੇ ਨਜ਼ਦੀਕ ਸਥਿਤ ਮਿਸ਼ਨ ਦਾ **ਖੋਜ ਤੇ ਵਿਕਾਸ ਫਾਰਮ** ਹਰੇਕ ਹਫਤੇ ਮੰਗਲਵਾਰ, ਵੀਰਵਾਰ ਤੇ ਐਤਵਾਰ ਨੂੰ ਵਿਜ਼ਟ ਕਰਨ ਦਾ ਮੌਕਾ ਵੀ ਦਿੱਤਾ ਜਾਂਦਾ ਹੈ।

*ਇਸ ਅਤਿ ਲੋੜੀਂਦੀ ਅਤੇ ਲਾਹੇਵੰਦ ਖੇਤੀ ਵਿਧੀ ਦਾ ਪ੍ਰਚਾਰ ਸ. ਅਵਤਾਰ ਸਿੰਘ ਅਕਸਰ ਰੇਡਿਉ/ਟੀਵੀ 'ਤੇ ਕਰਦੇ ਰਹਿੰਦੇ ਹਨ। ਇਸ ਨਵੇਕਲੇ ਅਤੇ ਨੇਕੀਭਰਪੂਰ ਕਾਰਜ ਕਾਰਨ ਸ. ਅਵਤਾਰ ਸਿੰਘ ਕਈ ਰਾਜ ਸਰਕਾਰਾਂ ਅਤੇ ਸੰਸਥਾਵਾਂ ਵਲੋਂ ਸਨਮਾਨਿਤ ਕੀਤੇ ਜਾ ਚੁੱਕੇ ਹਨ।

❋ ❋ ❋ ❋ ❋

.....ਸਫਾ 32 ਦੀ ਬਾਕੀ

ਆਪਣੇ ਪੰਜਾਬ ਵੱਲ ਧਿਆਨ ਮਾਰੀਏ ਤਾਂ ਹਾਲਾਤ ਬਿਲਕੁਲ ਵੱਖਰੇ ਹਨ। ਇੱਥੇ ਗਿਣਤੀ ਦੀਆਂ ਹੀ ਬਹੁਦੇਸ਼ੀ ਕੰਪਨੀਆਂ ਅਤੇ ਰਾਸ਼ਟਰੀ ਅਦਾਰੇ ਹਨ ਪਰ ਇਸ ਦੇ ਬਾਵਜੂਦ ਸਾਨੂੰ ਚਿੰਤਾ ਰਹਿੰਦੀ ਹੈ ਕਿ ਇਨ੍ਹਾਂ ਵਿੱਚ ਕੰਮ ਕਰਦੇ ਲੋਕ ਪੰਜਾਬੀ ਭਾਸ਼ਾ ਨਹੀਂ ਸਮਝ ਸਕਦੇ ਜਿਸ ਨਾਲ ਕਿਤੇ ਪੰਜਾਬ ਦਾ ਕਾਰੋਬਾਰ ਪ੍ਰਭਾਵਿਤ ਨਾ ਹੋ ਜਾਵੇ। ਸਾਨੂੰ ਇਹ ਵੀ ਫਿਕਰ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਤਾਂ ਉਹ ਵਿਦੇਸ਼ਾਂ ਵਿੱਚ ਕਾਮਯਾਬ ਨਹੀਂ ਹੋ ਸਕਣਗੇ। ਪਤਾ ਨਹੀਂ ਕਿਸ ਮਜ਼ਬੂਰੀ ਅਧੀਨ ਇੱਥੇ ਤਾਂ ਘਰਾਂ ਦੀਆਂ ਨੇਮ ਪਲੇਟਾਂ , ਦੁਕਾਨਾਂ ਦੇ ਬੋਰਡਾਂ ਅਤੇ ਵਿਆਹਾਂ ਦੇ ਕਾਰਡਾਂ 'ਤੇ ਵੀ ਅੰਗਰੇਜ਼ੀ ਹੀ ਲਿਖੀ ਜਾਂਦੀ ਹੈ। ਇਸ ਨਾਲ ਨਾ ਪੰਜਾਬ ਵਿੱਚ ਵਿਦੇਸ਼ੀ ਕੰਪਨੀਆਂ ਦੀ ਆਮਦ ਵਧੀ ਹੈ ਅਤੇ ਨਾ ਹੀ ਪੰਜਾਬੀ ਵਿਦਿਆਰਥੀ ਕੋਈ ਵਿਸ਼ੇਸ਼ ਮੱਲਾਂ ਮਾਰ ਸਕੇ ਹਨ। ਆਪਣੀ ਮਾਤਭਾਸ਼ਾ ਪੰਜਾਬੀ ਪ੍ਰਤਿ ਇਸ ਬੇਰੁਖੀ ਨੂੰ ਤਾਂ ਮੈਂ ਪੰਜਾਬੀ ਲੋਕਾਂ ਦੀ ਮਾਨਸਿਕ ਗੁਲਾਮੀ ਮੰਨਦੀ ਹਾਂ। ਆਪਣੇ ਸੱਭਿਆਚਾਰ ਅਤੇ ਬੋਲੀ ਪ੍ਰਤਿ ਹੀਣਭਾਵ ਬਸਤੀਵਾਦੀ ਮਾਨਸਿਕਤਾ ਹੈ ਜੋ ਕਿਸੇ ਭਾਰੂ ਕੌਮ ਤੋਂ ਆਜ਼ਾਦੀ ਹਾਸਲ ਕਰ ਲੈਣ ਤੋਂ ਬਾਅਦ ਵੀ ਕਾਇਮ ਰਹਿੰਦੀ ਹੈ। ਸਾਰੇ ਭਾਰਤੀ ਲੋਕ ਇਸ ਹੀਣਭਾਵ ਦੇ ਪ੍ਰਭਾਵ ਅਧੀਨ ਹਨ ਪਰ ਪੰਜਾਬੀ ਇਸ ਦੇ ਕੁੱਝ ਵੱਧ ਹੀ ਸ਼ਿਕਾਰ ਹਨ।

ਅਹਿਮਦਾਬਾਦ ਦੀ ਯਾਤਰਾ ਮੇਰੇ ਲਈ ਬਹੁਤ ਉਪਯੋਗੀ ਰਹੀ ਜਿਸ ਨੇ ਮੈਨੂੰ ਮਾਨਸਿਕ ਗੁਲਾਮੀ ਦਾ ਅਰਥ ਸਪਸ਼ਟ ਕਰ ਦਿੱਤਾ।

❋ ❋ ❋ ❋ ❋

..ਸਫਾ 31 ਦੀ ਬਾਕੀ

ਇਨਕਾਰ ਕਰ ਦਿੱਤਾ ਅਤੇ ਕੋਰਟ ਤੋਂ ਬਾਹਰ ਆ ਗਏ।

ਇਸ ਸਮੇ ਸ. ਦਿਦਾਰ ਸਿੰਘ ਬੈਂਸ( ਲੈਂਡ ਲੌਰਡ,ਯੂ.ਐਸ.ਏ.), ਸ. ਹਰਜੀਤ ਸਿੰਘ ਸੱਜਣ( ਰੱਖਿਆ ਮੰਤਰੀ ਕੈਨੇਡਾ), ਸਰ ਮੋਤਾ ਸਿੰਘ( ਜੱਜ ਯੂ.ਕੇ.) ਸ. ਪਰਮਿੰਦਰ ਸਿੰਘ ਮਰਵਾਹਾ( ਯੁਗੰਡਾ), ਸ. ਕਮਲਜੀਤ ਸਿੰਘ (ਨਿਊਜ਼ੀਲੈਂਡ) ਵਰਗੇ ਦਸਤਾਰਧਾਰੀ ਸਿੱਖ ਦਸਤਾਰ ਦੀ ਸ਼ਾਨ ਨੂੰ ਸਾਰੀ ਦੁਨੀਆਂ ਵਿੱਚ ਉਜਾਗਰ ਕਰ ਰਹੇ ਹਨ। ਦਸਤਾਰਧਾਰੀ ਔਰਤਾਂ ਵੀ ਸੰਸਾਰ ਭਰ ਵਿੱਚ ਪਗੜੀ ਨੂੰ ਚਾਰ ਚੰਨ ਲਾ ਰਹੀਆਂ ਹਨ। ਇਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਗੁਰਸੋਚ ਕੌਰ( ਅਮਰੀਕੀ ਪੁਲਿਸ ਅਫਸਰ), ਪਲਵਿੰਦਰ ਕੌਰ ( ਜੱਜ, ਕੈਨੇਡਾ), ਅਰਪਿੰਦਰ ਕੌਰ( ਅਮਰੀਕੀ ਕਮਰਸ਼ੀਅਲ ਪਾਇਲਟ), ਹਰਿੰਦਰ ਕੌਰ ਖਾਲਸਾ(ਪੁਲਿਸ ਅਧਿਕਾਰੀ, ਯੂ.ਐਸ.ਏ.), ਕਰਨ ਕੌਰ( ਫੈਸ਼ਨ ਡਿਜ਼ਾਇਨਰ, ਅਸਟ੍ਰੇਲੀਆ) ਵਰਣਨਯੋਗ ਹਨ।

ਭਾਵੇਂ ਸਾਰੀ ਦੁਨੀਆਂ ਦਸਤਾਰ ਤੋਂ ਮੂੰਹ ਮੋੜ ਜਾਵੇ ਪਰ ਖਾਲਸਾ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਿਆਂ ਇਸ ਦੀ ਆਨ-ਸ਼ਾਨ ਲਈ ਸੰਘਰਸ਼ ਕਰਦਾ ਰਹੇਗਾ।



## It's not just about Dollars !

Dr. Manavpreet Kaur
DALLAS,USA

The day is still fresh in my memory when I sat in the hall of the consulate in Dallas, Texas to take the oath of American Citizenship. For years I had heard about people feeling emotional while renouncing the Indian citizenship. For reasons then unknown, I did not feel those overwhelming emotions. When did I begin strong affinity with the nation of dreams, America, and lose connection with my native land, India?

My bond with America most likely began when this nation gave me a second birth-new job, house, individuality, and exposure to diversity. On the contrary, it is in India where I feel foreign now. It is not the heat that bothers me, but the attitudes of people in matters big and trivial. The first disappointment is when I see how Indians do not love their country. This "love" is visible when India plays cricket against Pakistan. Otherwise, the "self" is so huge that the interest of the country never comes to their mind. Americans, on the other hand, adore their motherland. This maybe love for neighborhood, state, or the nation. And only nations where citizens love their nation can sustain development.

The Indian lack of basic good manners also is disappointing. People here do not smile, but stare. In an American store, you can share pleasantries with the storekeeper or cashier who is a complete stranger. Here people question your intentions if you behave this way. God forbid if you are a woman and attempt this.

Dishonesty and over-smartness are highly fashionable now. It is visible in advertisements or even in general shopping. Shop-owners change their colors after pocketing the cash. Big cars, but mean driving, branded clothes but complete lack of respect and compassion for fellow citizens-that is image of Indians for me now.

There is, on the other hand, a feeling of peace every time I return to America. There is order, good manners, and respect for each other. In other words, all the values taught to us in "moral-education class" in school.

While every other American commodity is now available in India, India is yet to adopt many invaluable "human values".



The question is, "Was I a good citizen when I lived in India?" The answer is NO! I had no knowledge or awareness of these values. I did see what American actresses wore in the movies, what cars the actors drove, or how the cities of New York, L.A. looked like, however, I did not see their values.

My immigration to the U.S. has helped me become a better human and citizen, and I believe the reason why my eyes did not moisten for India when I held the citizenship certificate in my hand was that America had completed me in ways India never could.

* The writer is professor in English in Richland College Dallas, Tx (USA). Her husband Er. Sandeep Singh, an engineering graduate of Delhi College of Engineering is Sr. Vice President of a MNC Telecom Co. in USA. She is daughter of Dr. Ajmer Singh and Dr. Jaswant Kaur of Saini Bhawan, Rupnagar.

❋ ❋ ❋ ❋ ❋

**ਮੈਗਜ਼ੀਨ 'ਸੈਣੀ ਸੰਸਾਰ' ਦੀ ਪ੍ਰਸ਼ਨੋਤਰੀ-5 ਦੇ ਜੇਤੂ**

1. ਗਗਨਦੀਪ ਸਿੰਘ ਪੁੱਤਰ ਸ. ਸਵਿੰਦਰ ਸਿੰਘ, # 4460, ਹਵੇਲੀ ਕਲਾਂ, ਰੂਪਨਗਰ
2. ਅਮਰਜੀਤ ਕੌਰ ਪਤਨੀ ਸ. ਜਗੀਰ ਸਿੰਘ, ਹੈਰਿਸਬਰਗ, ਪੈਨਸਲਵੇਲੀਆ(ਯੂ.ਐਸ.ਏ.)

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




"ਸੈਣੀ ਸੰਸਾਰ" ਦਾ 33ਵਾਂ ਅੰਕ ਲੋਕਅਰਪਣ ਕਰਦੇ ਹੋਏ ਸ਼੍ਰੀ ਤਰਸੇਮ ਸੈਣੀ, ਵਿਸ਼ੇਸ਼ ਮਹਿਮਾਨ ਅਤੇ ਸੈਣੀ ਭਵਨ ਦੇ ਪ੍ਰਬੰਧਕ



'ਸ਼੍ਰੀ ਐੱਲ.ਆਰ.ਮੁੰਦਰਾ ਯਾਦਗਾਰੀ ਕਮੇਟੀ ਰੂਮ' ਦਾ ਉਦਘਾਟਨ ਕਰਦੇ ਹੋਏ ਸ਼੍ਰੀ ਤਰਸੇਮ ਸੈਣੀ




ਸੈਣੀ ਭਵਨ ਵਲੋਂ ਸਨਮਾਨਿਤ ਨਵੇਂ ਚੁਣੇ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀ ਮੈਂਬਰ ਅਤੇ ਸਰਪੰਚ









37ਵੇਂ ਸਾਲਾਨਾ ਸੈਣੀ ਸੰਮੇਲਨ ਦੌਰਾਨ ਸੱਭਿਆਚਰਕ ਪ੍ਰੋਗਰਾਮ ਪੇਸ਼ ਕਰਦੀਆਂ ਸਿੱਖਿਆਰਥਣਾਂ ਅਤੇ ਹਾਜ਼ਰ ਪ੍ਰਮੁੱਖ ਸਖਸ਼ੀਅਤਾਂ